# ਨਗਰ ਨਿਗਮ, ਬਠਿੰਡਾ

**ਬਜਟ ਸਾਲ 2019-2020**

**ਕਾਰਵਾਈ - ਜਨਰਲ ਹਾਊਸ ਦੀ ਬਜਟ ਮੀਟਿੰਗ ਮਿਤੀ 27.02.2019 ਨੂੰ ਸਵੇਰੇ 11.00 ਵਜੇ**

ਅੱਜ ਮਿਤੀ 27.02.2019 ਨੂੰ ਸਵੇਰੇ 11.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 3 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 4 | ਸ਼ੈਰੀ ਗੋਇਲ | 6 | ਕੌਂਸਲਰ |
| 5 | ਹਰਪਾਲ ਸਿੰਘ | 7 | ਕੌਂਸਲਰ |
| 6 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 7 | ਬਲਜੀਤ ਸਿੰਘ ਸਰਾਂ | 9 | ਕੌਂਸਲਰ |
| 8 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 9 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 10 | ਪੰਕਜ ਅਰੋੜਾ | 12 | ਕੌਂਸਲਰ |
| 11 | ਬਲਜੀਤ ਸਿੰਘ ਬੀੜਬਹਿਮਣ | 15 | ਕੌਂਸਲਰ |
| 12 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 13 | ਹਰਮਿੰਦਰ ਸਿੰਘ | 17 | ਕੌਂਸਲਰ |
| 14 | ਰਾਜਾ ਸਿੰਘ | 18 | ਕੌਂਸਲਰ |
| 15 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 16 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 17 | ਸੁਖਮਿੰਦਰ ਸਿੰਘ | 22 | ਕੌਂਸਲਰ |
| 18 | ਕਮਲੇਸ਼ ਰਾਣੀ | 23 | ਕੌਂਸਲਰ |
| 19 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 20 | ਰਾਜ ਕੁਮਾਰ | 27 | ਕੌਂਸਲਰ |
| 21 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 22 | ਪ੍ਰੀਤਮ ਕੌਰ | 31 | ਕੌਂਸਲਰ |
| 23 | ਸ਼ਾਮ ਲਾਲ ਜੈਨ | 32 | ਕੌਂਸਲਰ |
| 24 | ਜਗਰਾਜ ਸਿੰਘ | 36 | ਕੌਂਸਲਰ |
| 25 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 26 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 27 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 28 | ਛਿੰਦਰ ਕੌਰ | 40 | ਕੌਂਸਲਰ |
| 29 | ਅੰਜਨਾ ਰਾਣੀ | 41 | ਕੌਂਸਲਰ |
| 30 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 31 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 32 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 33 | ਗੁਰਮੀਤ ਕੌਰ | 49 | ਕੌਂਸਲਰ |
| 34 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਵਿੱਚ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਮਿਤੀ 14.02.2019 ਨੂੰ ਪੁਲਵਾਮਾ ਵਿਖੇ ਸ਼ਹੀਦ ਹੋਏ 40 ਜਵਾਨਾਂ ਦੀ ਯਾਦ ਵਿੱਚ ਵਿਛੜੀਆ ਰੂਹਾਂ ਨੂੰ ਸ਼ਰਧਾਂਜਲੀ ਦੇਣ ਲਈ ਦੋ ਮਿਨਟ ਦਾ ਮੌਨ ਧਾਰਨ ਕਰਨ ਲਈ ਬੇਨਤੀ ਕੀਤੀ।

**ਮਤਾ ਨੰਬਰ 115 :** **ਸਮੁੱਚੇ ਹਾਊਸ ਵੱਲੋਂ ਮਿਤੀ 14.02.2019 ਨੂੰ ਪੁਲਵਾਮਾਂ ਵਿਖੇ ਸ਼ਹੀਦ ਹੋਏ ਜਵਾਨਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੋਨ ਧਾਰ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।**

ਇਸ ਉਪਰੰਤ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਇਹ ਬੜੀ ਹੀ ਖੁਸ਼ੀ ਦੀ ਗੱਲ ਹੈ ਕਿ ਮਿਤੀ 14.12.2019 ਨੂੰ ਹੋਏ ਹਮਲੇ ਤੋਂ ਬਾਦ ਹਿੰਦੁਸਤਾਨ ਵੱਲੋਂ 12 ਦਿਨਾਂ ਬਾਅਦ ਹੀ ਅੱਤਵਾਦੀਆਂ ਦੇ ਟ੍ਰੇਨਿੰਗ ਸੈਂਟਰਾਂ ਤੇ ਹਮਲਾ ਕਰਕੇ 200-300 ਅੱਤਵਾਦੀਆਂ ਨੂੰ ਮਾਰ ਦਿੱਤਾ। ਉਹਨਾਂ ਸਮੁੱਚੇ ਨਿਗਮ ਅਤੇ ਬਠਿੰਡਾ ਵਾਸੀਆਂ ਵੱਲੋਂ ਇਸ ਗੱਲ ਦੀ ਭਾਰਤ ਸਰਕਾਰ ਨੂੰ ਵਧਾਈ ਦਿੱਤੀ। ਸ਼੍ਰੀਮਤੀ ਗੁਰਿੰਦਰ ਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਕਿਹਾ ਕਿ ਪੂਲਵਾਮਾਂ ਵਿਖੇ ਸ਼ਹੀਦ ਹੋਏ 40 ਜਵਾਨਾਂ ਦੇ ਪਰਿਵਾਰਾਂ ਨੂੰ ਸ਼ੋਕ ਮਤਾ ਭੇਜਿਆ ਜਾਵੇ।

**ਇਸ ਉਪਰੰਤ ਮੀਟਿੰਗ 15 ਮਿਨਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।**

ਸਹੀ/-
**ਮੇਅਰ,**
**ਨਗਰ ਨਿਗਮ, ਬਠਿੰਡਾ।**

# ਨਗਰ ਨਿਗਮ, ਬਠਿੰਡਾ

**ਬਜਟ ਸਾਲ 2019-2020**

**ਕਾਰਵਾਈ - ਜਨਰਲ ਹਾਊਸ ਦੀ ਬਜਟ ਮੀਟਿੰਗ ਮਿਤੀ 27.02.2019 ਨੂੰ ਸਵੇਰੇ 11.15 ਵਜੇ**

ਅੱਜ ਮਿਤੀ 27.02.2019 ਨੂੰ ਸਵੇਰੇ 11.15 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 3 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 4 | ਸ਼ੈਰੀ ਗੋਇਲ | 6 | ਕੌਂਸਲਰ |
| 5 | ਹਰਪਾਲ ਸਿੰਘ | 7 | ਕੌਂਸਲਰ |
| 6 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 7 | ਬਲਜੀਤ ਸਿੰਘ ਸਰਾਂ | 9 | ਕੌਂਸਲਰ |
| 8 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 9 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 10 | ਪੰਕਜ ਅਰੋੜਾ | 12 | ਕੌਂਸਲਰ |
| 11 | ਬਲਜੀਤ ਸਿੰਘ ਬੀੜਬਹਿਮਣ | 15 | ਕੌਂਸਲਰ |
| 12 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 13 | ਹਰਮਿੰਦਰ ਸਿੰਘ | 17 | ਕੌਂਸਲਰ |
| 14 | ਰਾਜਾ ਸਿੰਘ | 18 | ਕੌਂਸਲਰ |
| 15 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 16 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 17 | ਸੁਖਮਿੰਦਰ ਸਿੰਘ | 22 | ਕੌਂਸਲਰ |
| 18 | ਕਮਲੇਸ਼ ਰਾਣੀ | 23 | ਕੌਂਸਲਰ |
| 19 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 20 | ਰਾਜ ਕੁਮਾਰ | 27 | ਕੌਂਸਲਰ |
| 21 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 22 | ਪ੍ਰੀਤਮ ਕੌਰ | 31 | ਕੌਂਸਲਰ |
| 23 | ਸ਼ਾਮ ਲਾਲ ਜੈਨ | 32 | ਕੌਂਸਲਰ |
| 24 | ਜਗਰਾਜ ਸਿੰਘ | 36 | ਕੌਂਸਲਰ |
| 25 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 26 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 27 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 28 | ਛਿੰਦਰ ਕੌਰ | 40 | ਕੌਂਸਲਰ |
| 29 | ਅੰਜਨਾ ਰਾਣੀ | 41 | ਕੌਂਸਲਰ |
| 30 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 31 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 32 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 33 | ਗੁਰਮੀਤ ਕੌਰ | 49 | ਕੌਂਸਲਰ |
| 34 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਕਿਹਾ ਕਿ ਸਾਲ 1978-79, ਸਾਲ 1998-99 ਅਤੇ ਸਾਲ 2008-09 ਦੌਰਾਨ ਨਗਰ ਕੌਂਸਲ (ਹੁਣ ਨਗਰ ਨਿਗਮ) ਬਠਿੰਡਾ

ਵਿਖੇ ਨਵੀਆਂ ਬਣੀਆਂ ਬਿਲਡਿੰਗਾਂ ਸਮੇਂ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਨੀਂਹ ਪੱਥਰ ਰੱਖਿਆ ਗਿਆ ਸੀ। ਉਹਨਾਂ ਦਸਿਆ ਕਿ ਸਾਲ 2015 ਤੋਂ ਵੀ ਨਗਰ ਨਿਗਮ ਵਿਖੇ ਨਵੀਂ ਬਿਲਡਿੰਗ/ਦਫਤਰ ਬਣਾਇਆ ਗਿਆ ਹੈ। ਓਹਨਾਂ ਮੰਗ ਕੀਤੀ ਕਿ ਇਸ ਨਵੀਂ ਬਿਲਡਿੰਗ/ਦਫਤਰ ਦਾ ਵੀ ਮਾਨਯੋਗ ਮੇਅਰ ਸਾਹਿਬ ਜੀ ਦੀ ਰਹਿਨੁਮਾਈ ਹੇਠ ਮਹੂਰਤ ਕਰਕੇ ਨੀਂਹ ਪੱਥਰ ਰੱਖਿਆ ਜਾਵੇ। ਉਹਨਾਂ ਇਹ ਵੀ ਦਸਿਆ ਕਿ ਨਗਰ ਨਿਗਮ ਵੱਲੋਂ ਕੋਈ ਡਾਇਰੀ ਨਹੀਂ ਛਾਪੀ ਜਾ ਰਹੀ। ਉਹਨਾਂ ਮੰਗ ਕੀਤੀ ਕਿ ਇਸ ਸਾਲ ਲਈ ਵੀ ਨਗਰ ਨਿਗਮ ਦੀ ਡਾਇਰੀ ਛਪਵਾਈ ਜਾਵੇ।

ਇਸਤੇ ਸਮੁੱਚੇ ਹਾਊਸ ਵੱਲੋਂ ਸਹਿਮਤੀ ਪ੍ਰਗਟ ਕੀਤੀ ਗਈ ਅਤੇ ਜਲਦ ਤੋਂ ਜਲਦ ਨਵੀਂ ਬਿਲਡਿੰਗ/ਦਫਤਰ ਦਾ ਨੀਂ ਪੱਥਰ ਰੱਖਿਆ ਜਾਵੇ ਅਤੇ ਸਾਲ 2019-2010 ਲਈ ਨਵੀਆਂ ਡਾਇਰੀਆਂ ਛਪਾਉਣ ਦੀ ਹਦਾਇਤ ਕੀਤੀ ਗਈ।

ਸ਼੍ਰੀਮਤੀ ਗੁਰਿੰਦਰ ਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਪੁੱਛਿਆ ਕਿ ਕੀ ਉਹ ਐਫ.ਐਂਡ ਸੀ.ਸੀ. ਦੇ ਮੈਂਬਰ ਨਹੀਂ ਹਨ? ਉਹਨਾਂ ਕਿਹਾ ਕਿ ਉਹਨਾਂ ਨੂੰ ਬਜਟ ਬਨਾਉਣ ਸਮੇਂ Confidence ਵਿੱਚ ਕਿਉਂ ਨਹੀਂ ਲਿਆ ਗਿਆ। ਉਹਨਾਂ ਪੁੱਛਿਆ ਕਿ ਕੀ ਇਹ ਸਾਡਾ ਹੱਕ ਨਹੀਂ ਹੈ। ਉਹਨਾਂ ਕਿਹਾ ਕਿ ਤੁਸੀ ਸਾਨੂੰ ਮੈਂਬਰ ਹੀ ਨਹੀਂ ਸਮਝਦੇ। ਅਸੀ ਸ਼ਹਿਰ ਦੇ ਕਸਟੋਡੀਅਨ ਹਾਂ। ਅਸੀ ਸ਼ਹਿਰ ਦਾ ਨਿਰਮਾਣ ਕਰਨ ਲਈ ਸੀਟਾਂ ਤੇ ਬੈਠੇ ਹਾਂ।

ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਹਾਊਸ ਨੂੰ ਚਲਾਉਣਾ ਸਾਰੇ ਕੋਂਸਲਰ ਸਾਹਿਬਾਨ ਦੀ ਜਿੰਮੇਵਾਰੀ ਹੈ। ਉਹਨਾਂ ਦਸਿਆ ਕਿ ਉਹ ਰੋਜ਼ਾਨਾ 7-8 ਘੰਟੇ ਨਗਰ ਨਿਗਮ ਵਿਖੇ ਬੈਠਦੇ ਹਨ। ਇਸਤੋਂ ਇਲਾਵਾ ਕਮਿਸ਼ਨਰ ਸਾਹਿਬ ਵੀ ਰੋਜ਼ਾਨਾ ਇੱਥੇ ਹੀ ਬੈਠਦੇ ਹਨ। ਉਹਨਾਂ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਤਕਲੀਫ ਆ ਰਹੀ ਹੈ, ਤਾਂ ਉਹ ਕਿਸੇ ਸਮੇਂ ਵੀ ਨਗਰ ਨਿਗਮ ਵਿਖੇ ਆ ਕੇ ਦੱਸ ਸਕਦੇ ਹਨ। ਉਹਨਾਂ ਇਹ ਵੀ ਕਿਹਾ ਕਿ ਹਰ ਮਿਉਂਸਪਲ ਕੋਂਸਲਰ ਦੀ ਤਕਲੀਫ ਦਾ ਹੱਲ ਕਰਨ ਲਈ ਨਗਰ ਨਿਗਮ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਉਹਨਾਂ ਦਸਿਆ ਕਿ ਉਹ ਏਜੰਡਾ ਡਿਸਕਸ ਕਰਨ ਲਈ ਸੀਨੀਅਰ ਡਿਪਟੀ ਮੇਅਰ ਦੇ ਘਰ ਗਏ ਸਨ। ਉਹਨਾਂ ਉੱਥੇ ਜਾ ਕੇ ਦਸਿਆ ਸੀ ਕਿ ਚੋਣ ਜਾਬਤਾ ਲੱਗਣ ਵਾਲਾ ਹੈ। ਇਸ ਲਈ ਜਲਦ ਤੋਂ ਜਲਦ ਬਜਟ ਦੀ ਮੀਟਿੰਗ ਬੁਲਾ ਲਈ ਜਾਵੇ। ਇਸਤੇ ਸੀਨੀਅਰ ਡਿਪਟੀ ਮੇਅਰ ਵੱਲੋਂ ਹਾਮੀ ਭਰਨ ਤੇ ਹੀ ਮੀਟਿੰਗ ਕੱਢੀ ਗਈ ਹੈ।

ਸ੍ਰ: ਬੇਅੰਤ ਸਿੰਘ ਰੰਧਾਵਾ, ਕੋਂਸਲਰ ਨੇ ਕਿਹਾ ਕਿ ਜਿੱਥੇ ਆਪਾਂ ਪੁਲਵਾਮਾਂ ਵਿਖੇ ਸ਼ਹੀਦ ਹੋਏ ਜਵਾਨਾਂ ਦੇ ਪਰਿਵਾਰਾਂ ਨੂੰ ਸ਼ੋਕ ਮਤਾ ਭੇਜ ਰਹੇ ਹਾਂ, ਉੱਥੇ ਹਰੇਕ ਮਿਉਂਸਪਲ ਕੋਂਸਲਰ ਵੱਲੋਂ 1000/- ਰੁਪਏ ਦੀ ਰਾਸ਼ੀ ਵੀ ਭੇਜੀ ਜਾਵੇ। ਉਹਨਾਂ ਕਮਿਸ਼ਨਰ ਸਾਹਿਬ ਨੂੰ ਵੀ ਬੇਨਤੀ ਕੀਤੀ ਕਿ ਦਫਤਰ ਵੱਲੋਂ ਵੀ ਬਣਦਾ ਆਰਥਿਕ ਯੋਗਦਾਨ ਭੇਜਿਆ ਜਾਵੇ। ਇਸਤੇ ਫੈਸਲਾ ਲਿਆ ਗਿਆ ਕਿ ਨਗਰ ਨਿਗਮ ਬਠਿੰਡਾ ਦੇ ਹਰੇਕ ਮਿਉਂਪਸਲ ਕੋਂਸਲਰ ਸਾਹਿਬਾਨ ਦੀ ਸਹਿਮਤੀ ਨਾਲ 1000/- ਰੁਪਏ ਪ੍ਰਤੀ ਕੋਂਸਲਰ ਪੁਲਵਾਮਾ ਵਿਖੇ ਸ਼ਹੀਦ ਹੋਏ ਜਵਾਨਾਂ ਦੇ ਪਰਿਵਾਰਾਂ ਪਾਸ ਭੇਜੇ ਜਾਣ।

ਸ੍ਰ: ਗੁਰਸੇਵਕ ਸਿੰਘ ਮਾਨ, ਕੋਂਸਲਰ ਨੇ ਕਿਹਾ ਕਿ ਕੁੱਝ ਸਮਾਜਸੇਵੀ ਸੰਸਥਾਂਵਾਂ ਵੱਲੋਂ ਪਿਛਲੇ ਦਿਨੀ ਹਰਰਾਏਪੁਰ ਗਊਸ਼ਾਲਾ ਵਿੱਚ ਹੋ ਰਹੀ ਪਸ਼ੂਆਂ ਦੀ ਮੋਤ ਸਬੰਧੀ ਅਤੇ ਉੱਥੇ ਰਹਿ ਰਹੇ ਪਸ਼ੂਆਂ ਦੀ ਬਹੁਤ ਬੁਰੀ ਹਾਲਤ ਬਾਰੇ ਵੀਡਿਉ ਵਾਇਰਲ ਕੀਤੀ ਗਈ ਸੀ, ਇਸਦਾ ਜਿੰਮੇਵਾਰ ਕੋਣ ਹੈ? ਇਸ ਗਊਸ਼ਾਲਾ ਦੇ ਪ੍ਰਬੰਧਕ ਕੋਣ ਹਨ? ਉਹਨਾਂ ਕਿਹਾ ਕਿ ਨਗਰ ਨਿਗਮ ਵੱਲੋਂ ਇਸ ਗਊਸ਼ਾਲਾ ਵਿਖੇ ਰੱਖੇ ਗਏ ਪਸ਼ੂਆਂ ਦੀ ਖੁਰਾਕ ਖਾਤਰ ਫੰਡ ਮੁਹਈਆ ਕਰਵਾਏ ਜਾ ਰਹੇ ਹਨ। ਇਸਤੇ ਕਮਿਸ਼ਨਰ ਸਾਹਿਬ ਨੇ ਦਸਿਆ ਕਿ ਨਗਰ ਨਿਗਮ ਵੱਲੋਂ ਇਸ ਗਊਸ਼ਾਲਾ ਦੀ ਐਡਮੀਨਿਸਟਰੇਸ਼ਨ ਨਹੀਂ ਕੀਤੀ ਜਾ ਰਹੀ। ਇਸਤੋਂ ਇਲਾਵਾ ਪਸ਼ੂਆਂ ਦੀ ਮੋਤ ਜਾਂ ਤਾਂ ਠੰਡ ਲੱਗਣ ਕਾਰਨ ਹੋਈ ਹੈ, ਜਾਂ ਇੰਨ੍ਹਾਂ ਪਸ਼ੂਆਂ ਦੇ ਪਲਾਸਟਿਕ ਖਾਣ ਨਾਲ ਮੋਤ ਹੋਈ ਹੈ। ਇਸਤੋਂ ਇਲਾਵਾ ਇੰਨ੍ਹਾਂ ਪਸ਼ੂਆਂ ਦੀ ਮੂਵਮੈਂਟ ਘੱਟ ਹੋਣ ਕਾਰਨ ਵੀ ਪਸ਼ੂਆਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਇਹ ਵੀ ਦਸਿਆ ਕਿ ਇੰਨ੍ਹਾਂ ਛੱਡੇ ਜਾਣ ਵਾਲੇ ਪਸ਼ੂਆਂ ਦੀ ਉਮਰ ਵੀ 6 ਮਹੀਨੇ ਹੀ ਹੁੰਦੀ ਹੈ। ਉਹਨਾਂ ਆਸ਼ਵਾਸਨ ਦਿਵਾਇਆ ਕਿ ਉਹ ਡਿਪਟੀ ਕਮਿਸ਼ਨਰ, ਬਠਿੰਡਾ ਜੀ ਨਾਲ ਵੀ ਇਸ ਮਸਲੇ ਤੇ ਗੱਲਬਾਤ ਕਰਨਗੇ। ਇਸਤੋਂ ਇਲਾਵਾ ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਅਤੇ ਨਿਗਮ ਇੰਜੀਨੀਅਰ ਦੀ ਵੀ ਡਿਊਟੀ ਲਗਾ ਦਿੱਤੀ ਜਾਵੇਗੀ।

ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਕਿਹਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਜਾਰੀ ਕੀਤੇ ਜਾਣ ਵਾਲੇ ਜਨਮ ਅਤੇ ਮੋਤ ਸਬੰਧੀ ਸਰਟੀਫਿਕੇਟਾਂ ਦੀ ਫੀਸ ਵਿੱਚ ਕਾਊ ਸੈਸ ਵੀ ਲਿਆ ਜਾ ਰਿਹਾ ਹੈ, ਜਦਕਿ ਨਗਰ ਨਿਗਮ ਵੱਲੋਂ ਕੀਤੀ ਜਾ ਰਹੀ ਹੋਰ ਮੱਦਾਂ ਦੀ ਕੁਲੈਕਸ਼ਨ ਤੋਂ ਵੀ ਕਾਊ ਸੈਸ ਲਿਆ ਜਾ ਰਿਹਾ ਹੈ। ਉਹਨਾਂ ਜਨਮ ਅਤੇ ਮੋਤ ਸਬੰਧੀ ਜਾਰੀ ਕੀਤੇ ਜਾਣ ਵਾਲੇ ਸਰਟੀਫਿਕੇਟਾਂ ਤੋਂ ਕਾਊ ਸੈਸ ਨਾ ਲੈ ਕੇ ਫੀਸ ਘਟਾਉਣ ਦੀ ਬੇਨਤੀ ਕੀਤੀ।

ਸ਼੍ਰੀਮਤੀ ਅੰਜਨਾ ਰਾਣੀ, ਕੌਂਸਲਰ ਨੇ ਕਿਹਾ ਕਿ ਉਹਨਾਂ ਵੱਲੋਂ ਆਪਣੇ ਏਰੀਏ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਮਿਤੀ 04.02.2019 ਨੂੰ ਧਰਨਾ ਲਗਾਇਆ ਗਿਆ ਸੀ। ਇਸਤੇ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਜਲਦ ਤੋਂ ਜਲਦ ਵਿਕਾਸ ਦੇ ਕੰਮ ਕਰਾਉਣ ਲਈ ਕਿਹਾ ਗਿਆ ਸੀ। ਪਰੰਤੂ ਅਜੇ ਤੱਕ ਕੋਈ ਇੱਕ ਕੰਮ ਵੀ ਨਹੀਂ ਕੀਤਾ ਗਿਆ। ਉਹਨਾਂ ਦਸਿਆ ਕਿ ਮਾਤਾ ਸਾਹਿਬ ਕੋਰ ਗੇਟ ਬਨਾਉਣ ਲਈ ਵੀ ਵਾਰ-ਵਾਰ ਬੇਨਤੀ ਕੀਤੀ ਜਾ ਰਹੀ ਹੈ। ਪਰੰਤੂ ਉਹਨਾਂ ਦੀ ਕੋਈ ਵੀ ਸੁਣਵਾਈ ਨਹੀਂ ਹੋ ਰਹੀ। ਉਹਨਾਂ ਇਹ ਵੀ ਕਿਹਾ ਕਿ ਉਨ੍ਹਾਂ ਵੱਲੋਂ ਸਵੱਛ ਭਾਰਤ ਮਿਸ਼ਨ ਤਹਿਤ ਇੱਕ ਦੀਵਾਰ ਤੇ ਪੇਂਟ ਕਰਾਉਣ ਲਈ ਵੀ ਕਿਹਾ ਗਿਆ ਸੀ, ਪਰੰਤੂ ਪੇਂਟ ਨਹੀਂ ਕੀਤਾ ਗਿਆ। ਉਹਨਾਂ ਦੇ ਏਰੀਏ ਵਿੱਚ ਪਾਈਪ ਪਾਉਣ ਉਪਰੰਤ ਇਸ ਜਗ੍ਹਾ ਖੱਡੇ ਵੀ ਪਏ ਹਨ, ਜਿਸ ਨਾਲ ਲੋਕਾਂ ਨੂੰ ਬਹੁਤ ਜਿਆਦਾ ਪਰੇਸ਼ਾਨੀਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਇਸ ਜਗ੍ਹਾ ਸੀਮਿੰਟ ਪਾਉਣ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਉਨ੍ਹਾਂ ਵੱਲੋਂ ਧਰਨੇ ਦੋਰਾਨ ਜੋ ਮੰਗ ਪੱਤਰ ਦਿੱਤਾ ਗਿਆ ਸੀ, ਉਸੇ ਅਨੁਸਾਰ ਕੰਮ ਕਰਵਾਏ ਜਾਣ। ਉਹਨਾਂ ਇਹ ਵੀ ਦਸਿਆ ਕਿ ਸ਼੍ਰੀ ਪਵਨ ਕੁਮਾਰ, ਜੂਨੀਅਰ ਇੰਜੀਨੀਅਰ ਨੂੰ ਵਾਰ-ਵਾਰ ਫੋਨ ਕਰਨ ਦੇ ਬਾਵਜੂਦ ਫੋਨ ਨਹੀਂ ਚੁਕਿਆ ਜਾਂਦਾ। ਇਸਦੀ ਤਾਇਦ ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ ਅਤੇ ਸ਼੍ਰੀ ਰਾਜ ਕੁਮਾਰ ਗੋਇਲ ਨੇ ਵੀ ਕੀਤੀ। ਉਹਨਾਂ ਦਸਿਆ ਕਿ ਉਸ ਵੱਲੋਂ ਜੇਕਰ ਫੋਨ ਚੁੱਕ ਵੀ ਲਿਆ ਜਾਂਦਾ ਹੈ ਤਾਂ ਉਸਨੂੰ ਜਦੋਂ ਵੀ ਕਿਸੇ ਕੰਮ ਬਾਰੇ ਕਿਹਾ ਜਾਂਦਾ ਹੈ ਤਾਂ ਉਸ ਵੱਲੋਂ ਇਹ ਜਵਾਬ ਦਿੱਤਾ ਜਾਂਦਾ ਹੈ ਕਿ ਸ਼੍ਰੀ ਦਵਿੰਦਰ ਸਿੰਘ ਜੋੜ੍ਹਾ, ਨਿਗਮ ਇੰਜੀਨੀਅਰ ਵੱਲੋਂ ਕੰਮ ਕਰਨ ਲਈ ਮਨਾਂ ਕੀਤਾ ਹੋਇਆ ਹੈ। ਜੇਕਰ ਕੰਮ ਕਰਾਉਣਾ ਹੈ ਤਾਂ ਪਹਿਲਾਂ ਸ਼੍ਰੀ ਦਵਿੰਦਰ ਸਿੰਘ ਜੋੜ੍ਹਾ, ਨਿਗਮ ਇੰਜੀਨੀਅਰ ਨੂੰ ਕਿਹਾ ਜਾਵੇ।

ਇਸਤੇ ਸ਼੍ਰੀ ਦਵਿੰਦਰ ਸਿੰਘ ਜੋੜ੍ਹਾ, ਨਿਗਮ ਇੰਜੀਨੀਅਰ ਨੇ ਦਸਿਆ ਕਿ 4 ਦਿਨ ਪਹਿਲਾਂ ਹੀ ਮਾਤਾ ਸਾਹਿਬ ਕੋਰ ਗੇਟ ਬਨਾਉਣ ਲਈ ਵਰਕ ਆਰਡਰ ਜਾਰੀ ਕਰ ਦਿੱਤਾ ਗਿਆ ਹੈ। ਉਹਨਾਂ ਇਹ ਵੀ ਦਸਿਆ ਕਿ ਸ਼੍ਰੀਮਤੀ ਅੰਜਨਾ ਰਾਣੀ, ਕੌਂਸਲਰ ਵੱਲੋਂ ਯਾਦਗਾਰੀ ਗੇਟ ਬਨਾਉਣ ਲਈ ਪਹਿਲਾਂ ਮਿੱਥੀ ਜਗ੍ਹਾ ਤੋਂ ਇਲਾਵਾ ਕਿਸੇ ਹੋਰ ਜਗ੍ਹਾ ਤੇ ਗੇਟ ਬਨਾਉਣ ਲਈ ਕਿਹਾ ਜਾ ਰਿਹਾ ਹੈ, ਜਿੱਥੇ ਕਿ ਇਹ ਗੇਟ ਬਣ ਨਹੀਂ ਸਕਦਾ। ਇਸ ਲਈ ਗੇਟ ਬਨਾਉਣ ਵਿੱਚ ਦਿੱਕਤ ਆ ਰਹੀ ਹੈ। ਉਹਨਾਂ ਇਹ ਵੀ ਦਸਿਆ ਕਿ ਸ਼੍ਰੀਮਤੀ ਅੰਜਨਾ ਰਾਣੀ, ਕੌਂਸਲਰ ਵੱਲੋ 5-5 ਵਾਰ ਇੱਕੋ ਹੀ ਪਲਾਟ ਦੀ ਸਫਾਈ ਕਰਵਾਈ ਜਾਂਦੀ ਹੈ, ਜਿਸ ਨਾਲ ਸਫਾਈ ਵਰਕਰਾਂ ਨੂੰ ਬਹੁਤ ਜਿਆਦਾ ਦਿੱਕਤ ਆਉਂਦੀ ਹੈ ਅਤੇ ਉਹ ਹੋਰ ਕਿਸੇ ਜਗ੍ਹਾ ਕੰਮ ਨਹੀਂ ਕਰ ਸਕਦੇ।

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਸੀਨੀਅਰ ਡਿਪਟੀ ਮੇਅਰ ਨੂੰ ਨਾਲ ਲੈ ਕੇ ਜਗ੍ਹਾ ਦੀ ਲੋਕੇਸ਼ਨ ਮਿੱਥ ਲਈ ਜਾਵੇ ਤੇ ਗੇਟ ਬਣਾ ਦਿੱਤਾ ਜਾਵੇ ਅਤੇ ਦੀਵਾਰ ਤੇ ਪੇਂਟ ਕਰ ਦਿੱਤਾ ਜਾਵੇ। ਸ਼੍ਰੀ ਪਵਨ ਕੁਮਾਰ, ਜੂਨੀਅਰ ਇੰਜੀਨੀਅਰ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਕਿਸੇ ਵੀ ਚੁਣੇ ਹੋਏ ਨੁਮਾਇੰਦੇ ਦਾ ਫੋਨ ਜਰੂਰ ਚੁੱਕਿਆ ਜਾਵੇ ਅਤੇ ਹਰ ਸੰਭਵ ਕੰਮ ਕਰਿਆ ਜਾਵੇ।

ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਹਾਊਸ ਵਿੱਚ ਮੌਜੂਦ ਅਧਿਕਾਰੀਆਂ ਨੂੰ ਕਿਹਾ ਕਿ ਸਾਰੇ ਅਧਿਕਾਰੀਆਂ/ਕਰਮਚਾਰੀਆਂ ਨੂੰ ਚੁਣੇ ਹੋਏ ਨੁਮਾਇੰਦਿਆਂ ਦਾ ਆਦਰ ਸਤਿਕਾਰ ਕਰਨਾ ਚਾਹੀਦਾ ਹੈ। ਜੇਕਰ ਚੁਣੇ ਹੋਏ ਨੁਮਾਇੰਦਿਆਂ ਦਾ ਆਦਰ ਸਤਿਕਾਰ ਨਹੀਂ ਕੀਤਾ ਜਾਂਦਾ, ਜਾਂ ਕੋਈ ਕੁਤਾਹੀ ਕੀਤੀ ਗਈ ਤਾਂ ਇਸਨੂੰ ਗੰਭੀਰਤਾ ਨਾਲ ਲਿਆ ਜਾਵੇਗਾ।

ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਉਹਨਾਂ ਦੇ ਏਰੀਏ ਵਿੱਚ ਮੇਨਹੋਲ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਹਰ ਵੇਲੇ ਕਿਸੇ ਵੀ ਵਿਅਕਤੀ ਦਾ ਡਿਗਣ ਦਾ ਖਤਰਾ ਬਣਿਆ ਹੋਇਆ ਹੈ। ਉਹਨਾਂ ਕਿਹਾ ਕਿ ਜੇਕਰ ਇਹ ਠੀਕ ਨਾ ਕੀਤਾ ਗਿਆ ਤਾਂ ਉਹਨਾਂ ਵੱਲੋਂ ਹੀ ਨਗਰ ਨਿਗਮ ਦੇ ਖਿਲਾਫ ਪਰਚਾ ਦਰਜ਼ ਕਰਵਾਇਆ ਜਾਵੇਗਾ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਇਹ ਠੀਕ ਕਰਵਾਇਆ ਜਾਵੇ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਉਹ ਪਿਛਲੇ 40 ਸਾਲਾਂ ਤੋਂ ਅਕਾਲੀ ਦਲ ਨਾਲ ਕੰਮ ਕਰ ਰਹੇ ਹਨ। ਇਸ ਸਮੇਂ ਦੋਰਾਨ ਨਗਰ ਨਿਗਮ ਵਿਖੇ ਕਈ ਕਮਿਸ਼ਨਰ ਬਦਲ ਚੁੱਕੇ ਹਨ। ਪਿਛਲੇ 10 ਸਾਲਾਂ ਤੋਂ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਉਹੀ ਹਨ। ਉਹਨਾਂ ਕਿਹਾ ਕਿ ਉਹਨਾਂ ਦੇ ਵਿਕਾਸ ਦੇ ਕੰਮ ਨਾ ਹੋਣ ਕਾਰਨ ਇਲਾਕੇ ਦੇ ਲੋਕ ਰੋਜ਼ਾਨਾ ਉਸਦਾ ਜਲੂਸ ਕੱਢਦੇ ਹਨ। ਉਹਨਾਂ ਦਸਿਆ ਕਿ ਪ੍ਰੈਸ ਗਵਾਹ ਹੈ ਕਿ ਉਹ ਇਸ ਕਾਰਨ ਹੁਣ ਲੋਕਾਂ ਦਾ ਫੋਨ ਹੀ ਨਹੀਂ ਚੁਕਦੇ। ਉਹਨਾਂ ਦਸਿਆ ਕਿ ਅੱਜ ਵੀ ਉਹਨਾਂ ਦੇ ਏਰੀਏ ਵਿੱਚ ਲੋਕਾਂ ਦੇ ਘਰ ਸੀਵਰੇਜ਼ ਦਾ ਪਾਣੀ ਖੜ੍ਹਾ ਹੋਣ ਕਾਰਨ ਲੋਕਾਂ ਨੂੰ ਬਹੁਤ ਜਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਪੁੱਛਿਆ ਕਿ ਸਾਡਾ ਇੰਨਾਂ ਬੁਰਾ ਹਾਲ ਕਿਉਂ

ਕੀਤਾ ਹੋਇਆ ਹੈ? ਉਹਨਾਂ ਦਸਿਆ ਕਿ ਅਕਾਲੀ ਦਲ ਦੇ ਸਾਰੇ ਮੈਂਬਰਾਂ ਵਿੱਚੋਂ ਉਹ ਸੀਨੀਅਰ ਹਨ, ਪਰੰਤੂ ਮੇਰੇ ਹੀ ਦਰਵਾਜ਼ੇ ਦੇ ਸਾਹਮਣੇ ਸੀਵਰ ਭਰਿਆ ਹੋਇਆ ਹੈ। ਇਸਤੇ ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਕਿਹਾ ਕਿ ਉਹ ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ ਦੇ ਨਾਲ ਖੜੇ ਹਨ, ਪਰੰਤੂ ਉਹਨਾਂ ਦੀ ਵੀ ਨਹੀਂ ਸੁਣੀ ਜਾ ਰਹੀ। ਇਸਤੇ ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਜੇਕਰ ਸੁਣੀ ਨਹੀਂ ਜਾ ਰਹੀ ਤਾਂ ਕੀ ਅਸੀ ਕੁਰਸੀਆਂ ਦੇ ਭੁੱਖੇ ਹਾਂ? ਉਹਨਾਂ ਕਿਹਾ ਕਿ ਇੰਨ੍ਹਾਂ ਬੁਰਾ ਹਾਲ ਤਾਂ ਓਪੋਜ਼ੀਸ਼ਨ ਦਾ ਵੀ ਨਹੀਂ ਹੁੰਦਾ, ਜਿੰਨ੍ਹਾਂ ਉਨਾਂ ਦਾ ਹੋ ਰਿਹਾ ਹੈ।

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਦੇ ਵਾਰਡ ਵਿੱਚ ਸੀਵਰੇਜ਼ ਦੀ ਜੋ ਸਮੱਸਿਆ ਆ ਰਹੀ ਹੈ, ਉਹ ਜਲਦ ਤੋਂ ਜਲਦ ਹੱਲ ਕੀਤੀ ਜਾਵੇ।

ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਜਦੋਂ ਵੀ ਬਜਟ ਦਾ ਏਜੰਡਾ ਬਣਦਾ ਹੈ, ਤਾਂ ਉਹਨਾਂ ਨੂੰ confidence ਵਿੱਚ ਨਹੀਂ ਲਿਆ ਜਾਂਦਾ। ਉਹਨਾਂ ਕਿਹਾ ਕਿ ਇਹ ਇਕ ਪਵਿਤਰ ਡਾਕੂਮੈਂਟ ਹੈ। ਪਰੰਤੂ ਦਫਤਰ ਵੱਲੋਂ ਹਰ ਸਾਲ ਆਪਚਾਰਿਕਤਾਵਾਂ ਪੂਰੀਆਂ ਕਰਕੇ 10% ਦਾ ਵਾਧਾ ਜਾਂ ਘਾਟਾ ਕਰਕੇ ਬਜਟ ਬਣਾ ਦਿੱਤਾ ਜਾਂਦਾ ਹੈ। ਉਹਨਾਂ ਦਸਿਆ ਕਿ ਮਾਨਯੋਗ ਮੇਅਰ ਸਾਹਿਬ ਮੇਰੇ ਘਰ ਆਏ ਸਨ ਅਤੇ ਕਿਹਾ ਸੀ ਕਿ ਚੋਣ ਜਾਬਤਾ ਜਲਦ ਲੱਗਣ ਕਾਰਨ ਬਜਟ ਦੀ ਮੀਟਿੰਗ ਜਲਦ ਹੀ ਕੀਤੀ ਜਾਣੀ ਹੈ। ਉਹਨਾਂ ਇਹ ਵੀ ਕਿਹਾ ਸੀ ਕਿ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਨਗਰ ਨਿਗਮ ਬਠਿੰਡਾ ਉਨ੍ਹਾਂ ਦੇ ਘਰ ਆ ਕੇ ਬਜਟ ਬਾਰੇ ਸਲਾਹ ਕਰ ਲੈਣਗੇ। ਪਰੰਤੂ ਉਹਨਾਂ ਦੇ ਘਰ ਕੋਈ ਵੀ ਅਧਿਕਾਰੀ ਸਲਾਹ ਕਰਨ ਲਈ ਨਹੀਂ ਆਇਆ। ਉਹਨਾਂ ਦਸਿਆ ਕਿ ਪਹਿਲਾਂ ਨਗਰ ਨਿਗਮ ਵੱਲੋਂ ਅਮਲੇ ਤੇ 82% ਖਰਚਾ ਕੀਤਾ ਜਾਂਦਾ ਸੀ। ਪਰੰਤੂ ਹੁਣ ਵਾਰ-ਵਾਰ ਕਹਿਣ ਤੇ ਦਫਤਰ ਵੱਲੋਂ ਇਹ ਖਰਚਾ ਘਟਾ ਕੇ 53% ਕਰ ਦਿੱਤਾ ਗਿਆ ਹੈ। ਉਹਨਾਂ ਦਸਿਆ ਕਿ ਬਜਟ ਬਨਾਉਣ ਸਮੇਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਮਲੇ ਤੇ 35% ਖਰਚਾ ਹੋਣਾ ਚਾਹੀਦਾ ਹੈ। ਜਦਕਿ ਇਹ ਬਹੁਤ ਜਿਆਦਾ ਹੁੰਦਾ ਹੈ। ਬਜਟ ਵਿੱਚ ਅਮਲੇ ਤੋਂ ਇਲਾਵਾ ਵਿਕਾਸ ਦੇ ਖਰਚਿਆਂ ਦਾ ਵੇਰਵਾ ਵੀ ਹੈ। ਉਹਨਾਂ ਕਿਹਾ ਕਿ ਇਹ ਬਜਟ ਇੱਕ ਅਹਿਮ ਦਸਤਾਵੇਜ਼ ਹੁੰਦਾ ਹੈ। ਇਸ ਲਈ ਇਸਤੇ ਸੰਜੀਦਗੀ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅੱਜ ਦੇ ਬਜਟ ਵਿੱਚ 144.00 ਕਰੋੜ੍ਹ ਰੁਪਏ ਦੀ ਆਮਦਨ ਵਸੂਲ ਕਰਕੇ 134.00 ਕਰੋੜ੍ਹ ਰੁਪਏ ਅਮਲੇ ਅਤੇ ਰੱਖ ਰਖਾਵ ਤੇ ਹੀ ਖਰਚ ਕਰਨੇ ਦਰਸਾਏ ਗਏ ਹਨ। ਉਹਨਾਂ ਕਿਹਾ ਕਿ ਨਗਰ ਨਿਗਮ ਵੱਲੋਂ ਵੱਧ ਤੋਂ ਵੱਧ ਵਿਕਾਸ ਤੇ ਖਰਚਾ ਕਰਨਾ ਹੁੰਦਾ ਹੈ ਅਤੇ ਇਸਦੇ ਨਾਲ-ਨਾਲ ਲੋਕਾਂ ਤੇ ਟੈਕਸਾਂ ਦਾ ਬੋਝ ਵੀ ਘੱਟ ਪਾਉਣਾ ਹੁੰਦਾ ਹੈ। ਪਰੰਤੂ ਇਸਨੂੰ ਅਸੀ ਗੰਭੀਰਤਾ ਨਾਲ ਨਹੀਂ ਲੈਂਦੇ। ਉਹਨਾਂ ਬੇਨਤੀ ਕੀਤੀ ਕਿ ਅੱਜ ਦੀ ਮੀਟਿੰਗ ਵਿੱਚ ਇੱਕ-ਇੱਕ ਮੱਦ ਤੇ ਸੰਜੀਦਗੀ ਨਾਲ ਵਿਚਾਰ ਕੀਤਾ ਜਾਵੇ। ਉਹਨਾਂ ਦਸਿਆ ਕਿ ਅਸੀ ਬਿਜਲੀ ਬਿਲਾਂ ਨੂੰ 15-16 ਕਰੋੜ੍ਹ ਰੁਪਏ ਤੋਂ ਘਟਾ ਕੇ 5-6 ਕਰੋੜ੍ਹ ਰੁਪਏ ਕਰ ਸਕਦੇ ਹਾਂ। ਹੋਰ ਵੀ ਕਈ ਅਜਿਹੇ ਖਰਚੇ ਹਨ, ਜਿੰਨ੍ਹਾਂ ਨੂੰ ਘਟਾਇਆ ਜਾ ਸਕਦਾ ਹੈ। ਉਹਨਾਂ ਦਸਿਆ ਕਿ ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ, ਡਿਪਟੀ ਮੇਅਰ ਜੀ ਵੱਲੋਂ ਇੰਨ੍ਹਾਂ ਗੱਲਾਂ ਤੋਂ ਦੁਖੀ ਹੋ ਕੇ ਹੀ ਅਜਿਹੀ ਗੱਲ ਕਹੀ ਹੈ। ਉਹਨਾਂ ਕਿਹਾ ਕਿ ਪਹਿਲਾਂ ਡਰਾਫਟ ਏਜੰਡਾ ਤਿਆਰ ਕਰਕੇ ਡਿਸਕਸ ਕੀਤਾ ਜਾਣਾ ਚਾਹੀਦਾ ਸੀ। ਹੁਣ ਆਪਾਂ ਕੁੱਝ ਨਹੀਂ ਕਰ ਸਕਦੇ। ਪਰ ਸੁਝਾਊ ਜਰੂਰ ਦੇ ਸਕਦੇ ਹਾਂ।

ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਏਜੰਡੇ ਵਿੱਚ ਜੋ ਵੀ ਕੌਂਸਲਰ ਸਾਹਿਬਾਨ ਸੁਝਾਉ ਦੇਣਾ ਚਾਹੁੰਦੇ ਹਨ, ਉਹ ਦੇ ਸਕਦੇ ਹਨ। ਉਸ ਅਨੁਸਾਰ ਹੀ ਬਜਟ ਦੀਆਂ ਮੱਦਾਂ ਵਿੱਚ ਵਾਧਾ ਘਾਟਾ ਕਰ ਦਿੱਤਾ ਜਾਵੇਗਾ।

ਇਸ ਉਪਰੰਤ ਹੇਠ ਲਿਖੇ ਅਨੁਸਾਰ ਬਜਟ ਸਾਲ 2019-20 ਦੀ ਕਾਰਵਾਈ ਸ਼ੁਰੂ ਕੀਤੀ ਗਈ :

# ਨਗਰ ਨਿਗਮ, ਬਠਿੰਡਾ

## ਬਜਟ ਸਾਲ 2019-2020

**ਨਗਰ ਨਿਗਮ ਬਠਿੰਡਾ ਦਾ ਸਾਲ 2019-2020 ਦੇ ਬਜਟ ਅਨੁਮਾਨ ਦਾ ਸਾਰ।**

**ਆਮਦਨ :**

ਸਾਲ 2019-2020 ਲਈ ਕੁੱਲ ਆਮਦਨ 14417.10 ਲੱਖ ਰੁਪਏ ਤਜਵੀਜ ਕੀਤੀ ਗਈ ਹੈ, ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| ਲੜੀ ਨੰ: | ਮਦ ਦਾ ਨਾਮ | ਅਸਲ ਆਮਦਨ 2017-18 | ਬਜਟਡ ਆਮਦਨ 2018-19 | ਅਸਲ ਆਮਦਨ ਅਪਟੂ 31.12.18 | ਸੰਭਾਵਤ ਆਮਦਨ 2018-19 | ਬਜਟ % | ਸਾਲ 2019-20 ਲਈ ਤਜਵੀਜ ਆਮਦਨ |
|---|---|---|---|---|---|---|---|
| 1 | ਪੰਜਾਬ ਮਿਉਂਸਪਲ ਫੰਡ (ਵੈਟ) | 7225.04 | 8450.00 | 6775.63 | 8275.63 | 98 | 9100.00 |
| 2 | ਪ੍ਰਾਪਰਟੀ ਟੈਕਸ/ਹਾਊਸ ਟੈਕਸ | 1035.42 | 1150.00 | 875.05 | 1154.15 | 100 | 1150.00 |
| 3 | ਫਾਇਰ ਸੈਸ | 44.49 | 55.00 | 36.52 | 44.93 | 81 | 50.00 |
| 4 | ਵਿਗਿਆਪਨ ਕਰ | 381.87 | 250.00 | 204.07 | 267.97 | 107 | 230.00 |
| 5 | ਰੈਂਟ | 135.89 | 149.00 | 97.42 | 145.00 | 97 | 155.00 |
| 6 | ਤਹਿਬਜਾਰੀ/ ਰਾਜੀਨਾਮਾ/ਪਾਰਕਿੰਗ | 22.31 | 20.00 | 3.97 | 5.62 | 28 | 7.00 |
| 7 | ਲਾਇਸੰਸ/ਵਹੀਕਲ ਫੀਸ | 17.67 | 31.00 | 21.19 | 24.24 | 78 | 30.10 |
| 8 | ਬਿਲਡਿੰਗ ਫੀਸ | 104.22 | 140.00 | 81.30 | 111.00 | 79 | 140.00 |
| 9 | ਬਿਲਡਿੰਗ ਰਾਜੀਨਾਮਾ | 37.65 | 60.00 | 44.67 | 59.17 | 99 | 65.00 |
| 10 | ਵਿਕਾਸ ਚਾਰਜਜ | 252.03 | 250.00 | 105.41 | 137.20 | 55 | 150.00 |
| 11 | ਚੈਂਜ਼ ਆਫ ਲੈਂਡ ਯੂਜ਼ | 314.16 | 200.00 | 237.31 | 304.81 | 152 | 315.00 |
| 12 | ਮਲਬਾ ਫੀਸ (ਬਿਲਡਿੰਗ ਸ਼ਾਖਾ) | 28.36 | 30.00 | 22.22 | 30.07 | 100 | 35.00 |
| 13 | ਵਾਟਰ ਸਪਲਾਈ ਚਾਰਜ਼ਜ਼ (ਬਿਲਡਿੰਗ ਸ਼ਾਖਾ) | 72.50 | 80.00 | 63.51 | 86.24 | 108 | 95.00 |
| 14 | ਕਾਓ ਸੈਸ | 295.95 | 400.00 | 251.57 | 345.00 | 86 | 400.00 |
| 15 | ਬਿਲਡਿੰਗ ਰੈਗੂਲਰਾਈਜੇਸ਼ਨ | 106.36 | 100.00 | 86.18 | 146.55 | 147 | 150.00 |
| 16 | ਐਕਸਾਈਜ ਡਿਊਟੀ | 197.73 | 200.00 | 103.32 | 203.32 | 102 | 250.00 |
| 17 | ਮਿਉਂਸਪਲ ਬਿਜਲੀ ਕਰ | -- | -- | 97.66 | 397.66 | -- | 600.00 |
| 18 | ਹੋਰ ਸਾਧਨ | 83.37 | 150.00 | 88.04 | 118.19 | 79 | 152.00 |
| | **ਜੋੜ (ੳ)** | **10355.02** | **11715.00** | **9195.04** | **11856.75** | **101** | **13074.10** |
| | **ਵਾਟਰ ਸਪਲਾਈ ਅਤੇ ਸੀਵਰੇਜ਼ ਤੋਂ ਆਮਦਨ** | | | | | | |
| 19 | ਵ/ਸ ਅਤੇ ਸੀਵਰੇਜ਼ (ਡਿਮਾਂਡ ਅਤੇ ਬਕਾਇਆਜਾਤ) | 561.53 | 1200.00 | 358.48 | 750.00 | 62 | 1082.00 |
| 20 | ਵ/ਸ ਅਤੇ ਸੀਵਰੇਜ਼ (ਹੋਰ ਵਸੀਲਿਆਂ ਤੋਂ ਆਮਦਨ) | 552.99 | 300.00 | 338.71 | 401.66 | 134 | 261.00 |
| | **ਜੋੜ (ਅ)** | **1114.52** | **1500.00** | **697.19** | **1151.66** | **77** | **1343.00** |
| | **ਜੋੜ (ੳ+ਅ)** | **11469.54** | **13215.00** | **9892.23** | **13008.41** | **98** | **14417.10** |
| 21 | ਸੇਲ ਆਫ ਲੈਂਡ | -- | 500.00 | -- | -- | -- | -- |
| | **ਕੁੱਲ ਜੋੜ :** | **11469.54** | **13715.00** | **9892.23** | **13008.41** | **95** | **14417.10** |

ਸਾਲ 2019-2020 ਦੇ ਬਜਟ ਵਿੱਚ ਮੱਦਵਾਰ ਵਾਧੇ/ਘਾਟੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1. **ਪੰਜਾਬ ਮਿਉਂਸਪਲ ਫੰਡ (ਵੈਟ ਦਾ 11%):**

ਇਸ ਮਦ ਅਧੀਨ ਸਾਲ 2018-2019 ਲਈ 8450.00 ਲੱਖ ਰੁਪਏ ਦੀ ਆਮਦਨ ਰਖੀ ਹੋਈ ਹੈ। ਮਿਤੀ 31.12.2018 ਤੱਕ ਇਸ ਮੱਦ ਅਧੀਨ ਸਰਕਾਰ ਤੋਂ ਪ੍ਰਾਪਤ ਵੈਟ ਦੀ ਆਮਦਨ 6775.63 ਲੱਖ ਰੁਪਏ ਹੋਈ ਹੈ। ਸਾਲ 2018-2019 ਵਿੱਚ ਇਸ ਮੱਦ ਅਧੀਨ 8275.63 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ, ਜੋ ਬਜਟ ਦਾ 98% ਹੋਵੇਗੀ। ਸਾਲ 2019-2020 ਵਾਸਤੇ ਸੰਭਾਵਤ ਕੁੱਲ ਆਮਦਨ ਵਿੱਚ 10% ਦਾ ਵਾਧਾ ਕਰਕੇ 9100.00 ਲੱਖ ਰੁਪਏ ਤਜਵੀਜ ਕੀਤੀ ਗਈ ਹੈ।

2. ਪ੍ਰਾਪਰਟੀ ਟੈਕਸ/ਹਾਊਸ ਟੈਕਸ :

ਮਿਤੀ 01.04.2018 ਨੂੰ ਹਾਊਸ ਟੈਕਸ ਦਾ ਬਕਾਇਆਜਾਤ 228.25 ਲੱਖ ਰੁਪਏ ਸੀ। ਇਸ ਵਿੱਚੋਂ 49.31 ਲੱਖ ਰੁਪਏ ਦੇ ਕੋਰਟ ਕੇਸ ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਹਨ। ਇਸ ਤਰ੍ਹਾਂ ਮਿਤੀ 01.04.2018 ਨੂੰ ਵਸੂਲਣਯੋਗ 178.94 ਲੱਖ ਰੁਪਏ ਰਹਿ ਜਾਂਦੇ ਹਨ। ਇਸ ਬਕਾਇਆਜਾਤ ਵਿੱਚੋਂ ਮਿਤੀ 31.01.2019 ਤੱਕ 7.44 ਲੱਖ ਰੁਪਏ ਵਸੂਲ ਹੋ ਚੁੱਕੇ ਹਨ ਅਤੇ ਸਾਲ 2018-19 ਦੇ ਬਾਕੀ ਰਹਿੰਦੇ ਸਮੇਤ ਵਿੱਚੋਂ 10.00 ਲੱਖ ਰੁਪਏ ਹੋਰ ਵਸੂਲ ਹੋਣ ਦੀ ਸੰਭਾਵਨਾਂ ਹੈ ਅਤੇ ਹਾਊਸ ਟੈਕਸ/ ਸਰਵਿਸ ਚਾਰਜ਼ ਦੀ ਚਾਲੂ ਸਾਲ ਦੀ ਡਿਮਾਂਡ 53.69 ਲੱਖ ਰੁਪਏ ਹੈ। ਇਸ ਤਰ੍ਹਾਂ ਕੁੱਲ ਬਕਾਇਆਜਾਤ ਵਿੱਚੋਂ 49.31 ਲੱਖ ਰੁਪਏ ਦੇ ਕੋਰਟ ਕੇਸਾਂ ਸਮੇਤ 264.50 ਲੱਖ ਰੁਪਏ ਬਾਕੀ ਰਹਿਣ ਦੀ ਸੰਭਾਵਨਾ ਹੈ।

ਪੰਜਾਬ ਸਰਕਾਰ ਵੱਲੋਂ ਸ਼ਹਿਰਾਂ ਵਿੱਚ ਹਾਊਸ ਟੈਕਸ ਦੀ ਥਾਂ ਤੇ ਮਿਤੀ 01.04.2013 ਤੋਂ ਪ੍ਰਾਪਰਟੀ ਟੈਕਸ ਲਾਗੂ ਕੀਤਾ ਗਿਆ ਹੈ। ਨਗਰ ਨਿਗਮ ਬਠਿੰਡਾ ਵਿਖੇ ਜੀ.ਆਈ.ਐਸ. ਸਰਵੇ ਅਨੁਸਾਰ ਲਗਭਗ 53871 ਰਿਹਾਇਸ਼ੀ ਮਕਾਨ, 15818 ਵਪਾਰਕ ਯੂਨਿਟ ਅਤੇ 24067 ਖਾਲੀ ਪਲਾਟਾਂ ਤੋਂ ਇਲਾਵਾ 1673 ਧਾਰਮਿਕ ਅਸਥਾਨ/ ਗਰੀਨ ਬੈਲਟਾਂ ਸਮੇਤ ਕੁੱਲ 95429 ਯੂਨਿਟ ਹਨ। ਇਹਨਾਂ ਯੂਨਿਟਾਂ ਵਿੱਚੋਂ 31636 ਰਿਹਾਇਸ਼ੀ ਮਕਾਨ ਅਤੇ 15818 ਵਪਾਰਕ ਯੂਨਿਟ, ਕੁੱਲ ਲਗਭਗ 47454 ਯੂਨਿਟਾਂ ਪਾਸੋਂ ਪ੍ਰਾਪਰਟੀ ਟੈਕਸ ਵਸੂਲਣਯੋਗ ਹਨ। ਬਾਕੀ 22235 ਰਿਹਾਇਸ਼ੀ ਮਕਾਨ ਜੋ 50 ਵ:ਗਜ਼ ਅਤੇ 125 ਵ:ਗਜ਼ ਸਿੰਗਲ ਸਟੋਰੀ ਮਕਾਨ ਤੋਂ ਇਲਾਵਾ 24067 ਖਾਲੀ ਪਲਾਟਾਂ ਸਮੇਤ 1673 ਧਾਰਮਿਕ ਅਸਥਾਨ/ ਗਰੀਨ ਬੈਲਟਾਂ ਆਦਿ ਕੁੱਲ ਲਗਭਗ 47975 ਯੂਨਿਟ ਮੁਆਫੀ ਅਧੀਨ ਆਉਂਦੇ ਹਨ।

ਸਰਕਾਰ ਵੱਲੋਂ ਸਾਲ 2018-19 ਵਿੱਚ ਹਾਊਸ ਟੈਕਸ ਅਤੇ ਪ੍ਰਾਪਰਟੀ ਟੈਕਸ ਦਾ 1150.00 ਲੱਖ ਰੁਪਏ ਦਾ ਬਜਟ ਟੀਚਾ ਪ੍ਰਵਾਨ ਕੀਤਾ ਗਿਆ ਸੀ, ਜਿਸ ਵਿੱਚੋਂ ਮਿਤੀ 31.01.2019 ਤੱਕ ਸਾਲ 2013-14 ਦਾ 27.85 ਲੱਖ ਰੁਪਏ, 2014-15 ਦਾ 21.60 ਲੱਖ ਰੁਪਏ, ਸਾਲ 2015-16 ਦਾ 24.10 ਲੱਖ ਰੁਪਏ, ਸਾਲ 2016-17 ਦਾ 46.42 ਲੱਖ ਰੁਪਏ ਅਤੇ ਸਾਲ 2017-18 ਦਾ 109.08 ਲੱਖ ਰੁਪਏ ਤੋਂ ਇਲਾਵਾ ਸਾਲ 2018-19 ਵਿੱਚੋਂ ਵਿਆਜ ਅਤੇ ਜੁਰਮਾਨੇ ਸਮੇਤ ਕੁੱਲ ਪ੍ਰਾਪਰਟੀ ਟੈਕਸ 672.66 ਲੱਖ ਰੁਪਏ ਅਤੇ ਹਾਊਸ ਟੈਕਸ 7.44 ਲੱਖ ਰੁਪਏ, ਕੁੱਲ 909.15 ਲੱਖ ਰੁਪਏ ਵਸੂਲ ਹੋ ਚੁੱਕੇ ਹਨ। ਮਿਤੀ 31.03.2019 ਤੱਕ ਹਾਊਸ ਟੈਕਸ/ ਸਰਵਿਸ ਚਾਰਜ਼ਜ਼ ਦੇ ਬਕਾਇਆਜਾਤ ਵਿੱਚੋਂ 10.00 ਲੱਖ ਰੁਪਏ ਅਤੇ ਪ੍ਰਾਪਰਟੀ ਟੈਕਸ ਵਿੱਚੋਂ 235.00 ਲੱਖ ਰੁਪਏ, ਕੁੱਲ 245.00 ਲੱਖ ਰੁਪਏ ਹੋਰ ਆਮਦਨ ਪ੍ਰਾਪਤ ਹੋਣ ਦਾ ਅਨੁਮਾਨ ਹੈ। ਇਸ ਤਰ੍ਹਾਂ ਸਾਲ 2018-19 ਦੀ ਹਾਊਸ ਟੈਕਸ/ ਸਰਵਿਸ ਚਾਰਜ਼ਜ਼ ਅਤੇ ਪ੍ਰਾਪਰਟੀ ਟੈਕਸ ਤੋਂ ਕੁੱਲ 1154.15 (1136.71+17.44) ਲੱਖ ਰੁਪਏ ਆਮਦਨ ਹੋਣ ਦੀ ਸੰਭਾਵਨਾ ਹੈ।

ਸਾਲ 2019-20 ਵਿੱਚ ਹਾਊਸ ਟੈਕਸ/ ਸਰਵਿਸ ਚਾਰਜ਼ਜ਼ ਦੇ ਬਕਾਇਆਜਾਤ ਵਿੱਚੋਂ 45.00 ਲੱਖ ਰੁਪਏ ਅਤੇ ਪ੍ਰਾਪਰਟੀ ਟੈਕਸ ਤੋਂ ਸਾਲ 2013-14 ਦਾ 20.00 ਲੱਖ ਰੁਪਏ, ਸਾਲ 2014-15 ਦਾ 20.00 ਲੱਖ ਰੁਪਏ, ਸਾਲ 2015-16 ਦਾ 30.00 ਲੱਖ ਰੁਪਏ, 2016-17 ਦਾ 45.00 ਲੱਖ ਰੁਪਏ, ਸਾਲ 2017-18 ਦਾ 60.00 ਲੱਖ ਰੁਪਏ, ਸਾਲ 2018-19 ਦਾ 125.00 ਲੱਖ ਰੁਪਏ ਅਤੇ ਸਾਲ 2019-20 ਵਿੱਚ ਕੁੱਲ ਸੰਭਾਵਿਤ ਪ੍ਰਾਪਰਟੀ ਟੈਕਸ 1150.00 ਲੱਖ ਰੁਪਏ ਵਿੱਚੋਂ 70% ਦੇ ਹਿਸਾਬ ਨਾਲ ਕੁੱਲ 805.00 ਲੱਖ ਰੁਪਏ ਵਸੂਲ ਹੋਣ ਦੀ ਸੰਭਾਵਨਾਂ ਹੈ। ਇਸ ਤਰ੍ਹਾਂ ਕੁੱਲ 1150.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

**ਇਸ ਮੱਦ ਤੇ ਵਿਚਾਰ ਕਰਦੇ ਹੋਏ ਸ੍ਰ: ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਸਰਕਾਰ ਵੱਲੋਂ ਜਲਦ ਹੀ ਵਨ ਟਾਇਮ ਸੈਟਲਮੈਂਟ ਪਾਲਿਸੀ ਐਲਾਨੀ ਜਾ ਰਹੀ ਹੈ। ਇਸ ਲਈ ਇਸ ਮੱਦ ਦੀ ਆਮਦਨ ਤੇ ਮੁੜ੍ਹ ਤੋਂ ਵਿਚਾਰ ਕਰ ਲਿਆ ਜਾਵੇ। ਕਮਿਸ਼ਨਰ ਸਾਹਿਬ ਨੇ ਦਸਿਆ ਕਿ ਵਨ ਟਾਇਮ ਪਾਲਿਸੀ ਤਹਿਤ ਨਗਰ ਨਿਗਮ ਵੱਲੋਂ 80% ਕੰਮ ਮੁੱਕੰਮਲ ਕਰ ਲਿਆ ਗਿਆ ਹੈ। ਉਹਨਾਂ ਕਿਹਾ ਕਿ ਇਸ ਪਾਲਿਸੀ ਤਹਿਤ ਨਗਰ ਨਿਗਮ ਨੂੰ ਤਕਰੀਬਨ 100.00 ਕਰੋੜ੍ਹ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ।**

3. **ਫਾਇਰ ਸੈਸ:**

ਫਾਇਰ ਸੈਸ ਸਾਲ 2018-19 ਵਿੱਚ ਮਿਤੀ 31.12.2018 ਤੱਕ ਕੁੱਲ 36.52 ਲੱਖ ਰੁਪਏ ਵਸੂਲ ਹੋ ਚੁੱਕੇ ਹਨ। ਮਿਤੀ 31.03.2019 ਤੱਕ 8.41 ਲੱਖ ਰੁਪਏ ਹੋਰ ਵਸੂਲ ਹੋਣ ਦੀ ਸੰਭਾਵਨਾਂ ਹੈ। ਇਸ ਤਰ੍ਹਾਂ ਸਾਲ 2018-19 ਵਿੱਚ ਕੁੱਲ ਵਸੂਲੀ 44.93 ਲੱਖ ਰੁਪਏ ਹੋ ਸਕਦੀ ਹੈ। ਸਾਲ 2019-20 ਦਾ ਬਜਟ ਟੀਚਾ 50.00 ਲੱਖ ਰੁਪਏ ਤਜਵੀਜ ਕੀਤਾ ਜਾਂਦਾ ਹੈ।

4. ਵਿਗਿਆਪਨ ਕਰ:

ਇਸ ਮਦ ਅਧੀਨ ਸਾਲ 2018-2019 ਲਈ 250.00 ਲੱਖ ਰੁਪਏ ਦੀ ਆਮਦਨ ਰਖੀ ਹੋਈ ਹੈ। ਮਿਤੀ 31.12.2018 ਤੱਕ ਇਸ ਮੱਦ ਅਧੀਨ ਆਮਦਨ 204.07 ਲੱਖ ਰੁਪਏ ਹੋਈ ਹੈ। ਸਾਲ 2018-2019 ਵਿੱਚ ਇਸ ਮੱਦ ਅਧੀਨ 267.97 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ, ਜੋ ਬਜਟ ਦਾ 107% ਹੋਵੇਗੀ। ਸਰਕਾਰ ਵੱਲੋਂ ਨੋਟੀਫਾਈ ਕੀਤੇ ਗਏ ਐਡਵਰਟਾਇਜ਼ਮੈਂਟ ਬਾਈਲਾਜ਼ 2018 ਅਨੁਸਾਰ ਨਿਗਮ ਦੀਆਂ ਬਹੁਤ ਸਾਰੀਆਂ ਐਡਵਰਟਾਇਜ਼ਮੈਂਟ ਸਾਈਟਸ ਬਾਈਲਾਜ਼ ਅਨੁਸਾਰ ਢੁੱਕਵੀਆਂ ਨਹੀਂ ਹਨ। ਇਸ ਤੋਂ ਇਲਾਵਾ ਮੁੱਖ ਦਫਤਰ ਵੱਲੋਂ ਸਿੰਗਲ ਟੈਂਡਰ ਵਨ ਸਿਟੀ ਵਨ ਪਾਰਟਨਰ ਦੀ ਤਰਜ਼ ਤੇ ਕਰਾਉਣ ਦੀਆਂ ਹਦਾਇਤਾਂ ਹੋਈਆਂ ਹਨ। ਨਵਾਂ ਟੈਂਡਰ ਨਾ ਲੱਗਣ ਕਾਰਨ ਅਤੇ ਸਾਈਟਸ ਖਾਲੀ ਰਹਿਣ ਕਾਰਨ ਨਿਗਮ ਦੀ ਐਡਵਰਟਾਇਜ਼ਮੈਂਟ ਤੋਂ ਆਮਦਨ ਘੱਟ ਹੋਵੇਗੀ। ਇਸ ਦੇ ਮੱਦੇ ਨਜ਼ਰ ਸਾਲ 2019-2020 ਵਾਸਤੇ ਇਸ ਮੱਦ ਅਧੀਨ 230.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

**ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਕਿਹਾ ਕਿ ਸ਼ਹਿਰ ਵਿੱਚ ਜੋ ਵੀ ਫਲੈਕਸਾਂ ਲੱਗ ਰਹੀਆਂ ਹਨ, ਚਾਹੇ ਉਹ ਰਾਜਨੀਤਿਕ ਹੋਣ ਜਾਂ ਧਾਰਮਿਕ, ਸਾਰਿਆਂ ਤੋਂ ਘੱਟ ਤੋਂ ਘੱਟ ਬਣਦੇ ਚਾਰਜ਼ਿਜ਼ ਨਗਰ ਨਿਗਮ ਵੱਲੋਂ ਲਏ ਜਾਣ। ਇਸਤੇ ਕੁੱਝ ਕੌਂਸਲਰ ਸਾਹਿਬਾਨ ਵੱਲੋਂ ਇਤਰਾਜ਼ ਜਤਾਉਂਦੇ ਹੋਏ ਕਿਹਾ ਕਿ ਜੱਦੋਂ ਪਹਿਲਾਂ ਇਹੋ ਜਿਹੀ ਪ੍ਰਥਾ ਨਹੀਂ ਸੀ, ਤਾਂ ਹੁਣ ਨਵੀਂ ਪ੍ਰਥਾ ਕਿਉਂ ਚਲਾਈ ਜਾ ਰਹੀ ਹੈ।**

5. ਰੈਂਟ :

ਸਾਲ 2018-2019 ਵਿਚ ਨਗਰ ਨਿਗਮ ਦੀਆਂ 392 ਦੁਕਾਨਾਂ ਹਨ। ਇਸ ਮੱਦ ਅਧੀਨ ਸਾਲ 2018-19 ਦਾ 149.00 ਲੱਖ ਰੁਪਏ ਦਾ ਬਜਟ ਰੱਖਿਆ ਗਿਆ ਸੀ। ਮਿਤੀ 31.12.2018 ਤੱਕ ਇਸ ਮੱਦ ਅਧੀਨ 97.42 ਲੱਖ ਰੁਪਏ ਪ੍ਰਾਪਤ ਹੋ ਚੁੱਕੇ ਹਨ। ਇਸ ਤਰ੍ਹਾਂ ਸਾਲ 2018-19 ਵਿੱਚ ਕੁੱਲ 145.00 ਲੱਖ ਰੁਪਏ ਹੋਣ ਦੀ ਸੰਭਾਵਨਾਂ ਹੈ। ਨਗਰ ਨਿਗਮ ਦੀਆਂ ਕਿਰਾਏ ਤੇ ਦਿੱਤੀਆਂ 392 ਦੁਕਾਨਾਂ, ਬੈਂਕ ਬਿਲਡਿੰਗ, ਚਿਲਡਰਨ ਪਾਰਕ, ਅੱਪੂ ਘਰ, ਰੋਜ਼ ਗਾਰਡਨ ਕੰਨਟੀਨ, ਜ਼ੋਗਰ ਪਾਰਕ ਅਤੇ ਬਕਾਇਆਜਾਤ ਵਿੱਚੋਂ ਸਾਲ 2019-20 ਵਿੱਚ 155.00 ਲੱਖ ਰੁਪਏ ਦੀ ਸਲਾਨਾ ਆਮਦਨ ਤਜਵੀਜ ਕੀਤੀ ਗਈ ਹੈ।

**ਸ਼੍ਰੀ ਪੰਕਜ ਅਰੋੜਾ, ਕੌਂਸਲਰ ਨੇ ਕਿਹਾ ਕਿ ਦਫਤਰ ਵੱਲੋਂ ਪਹਿਲਾਂ ਅੱਗੇ ਸਬ-ਲੇਟ ਕੀਤੀਆਂ ਦੁਕਾਨਾਂ ਤੇ ਕੇਸ ਕਰਨ ਲਈ ਕਿਹਾ ਜਾ ਰਿਹਾ ਸੀ। ਉਹਨਾਂ ਕਿਹਾ ਕਿ ਇੰਨ੍ਹਾਂ ਸਬ-ਲੇਟ ਕੀਤੀਆਂ ਦੁਕਾਨਾਂ ਤੇ ਕਾਨੂੰਨੀ ਪ੍ਰਕ੍ਰਿਆ ਕਰਕੇ ਕਿਰਾਇਆ ਵਧਾਉਣਾ ਚਾਹੀਦਾ ਹੈ।**

6. ਤਹਿਬਜਾਰੀ (ਰਾਜੀਨਾਮਾ ਫੀਸ)/ਪਾਰਕਿੰਗ ਫੀਸ :

ਇਸ ਮਦ ਅਧੀਨ ਸਾਲ 2018-2019 ਲਈ 20.00 ਲੱਖ ਰੁਪਏ ਦੀ ਆਮਦਨ ਰਖੀ ਹੋਈ ਹੈ। ਮਿਤੀ 31.12.2018 ਤੱਕ ਇਸ ਮਦ ਅਧੀਨ 3.97 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2018-2019 ਵਿਚ ਇਸ ਮਦ ਅਧੀਨ 5.62 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਆਮਦਨ ਘੱਟਣ ਦਾ ਕਾਰਨ ਸਾਲ 2018-2019 ਵਿੱਚ ਸ਼ਹਿਰ ਦੀਆਂ 8 ਪਾਰਕਿੰਗਾਂ ਦੇ ਠੇਕੇ ਦੀ ਕਿਸ਼ਤ ਆ ਰਹੀ ਸੀ। ਕੁੱਝ ਕਾਰਨਾਂ ਕਰਕੇ ਸ਼ਹਿਰ ਦੀਆਂ ਇਹ 8 ਪਾਰਕਿੰਗਾਂ ਦਾ ਠੇਕਾ ਹਾਊਸ ਵੱਲੋਂ ਰੱਦ ਕਰ ਦਿੱਤਾ ਗਿਆ ਹੈ, ਜਿਸ ਨਾਲ ਪਾਰਕਿੰਗ ਫੀਸ ਘੱਟ ਗਈ ਹੈ। ਸਾਲ 2019-2020 ਲਈ ਇਸ ਮਦ ਅਧੀਨ 7.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

**ਸ੍ਰ: ਸੁਖਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਆਮ ਪਬਲਿਕ ਵੱਲੋਂ ਸੜ੍ਹਕਾਂ ਤੇ ਪਾਰਕਿੰਗ ਕਰਨ ਨਾਲ ਲੋਕਾਂ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਇਸ ਸਮੱਸਿਆ ਦਾ ਹੱਲ ਕਰਨ ਲਈ ਮੰਗ ਕੀਤੀ। ਇਸਤੇ ਕਮਿਸ਼ਨਰ ਸਾਹਿਬ ਨੇ ਦਸਿਆ ਕਿ ਨਗਰ ਨਿਗਮ ਵੱਲੋਂ ਫਾਇਰ ਬ੍ਰਿਗੇਡ ਵਾਲੀ ਜਗ੍ਹਾ ਤੇ ਮਲਟੀ ਸਟੋਰੀ ਪਾਰਕਿੰਗ ਬਣਾਈ ਜਾ ਰਹੀ ਹੈ। ਇਸ ਖਾਤਰ ਸਰਕਾਰ ਪਾਸੋਂ 20.00 ਕਰੋੜ੍ਹ ਰੁਪਏ ਦੀ ਗਰਾਂਟ ਵੀ ਪ੍ਰਾਪਤ ਹੋਵੇਗੀ। ਇਸ ਪਾਰਕਿੰਗ ਦੇ ਬਣਨ ਨਾਲ ਨਗਰ ਨਿਗਮ ਦੀ ਆਮਦਨ ਵਿੱਚ ਵੀ 10 ਗੁਣਾ ਵਾਧਾ ਹੋਵੇਗਾ ਅਤੇ ਸੜ੍ਹਕਾਂ ਤੇ ਹੋ ਰਹੀ ਪਾਰਕਿੰਗ ਦੀ ਸਮੱਸਿਆ ਤੋਂ ਵੀ ਨਿਜ਼ਾਤ ਮਿਲੇਗੀ।**

7. ਲਾਇਸੰਸ/ਵਹੀਕਲ ਫੀਸ :

ਇਸ ਮਦ ਅਧੀਨ ਸਾਲ 2018-2019 ਲਈ 31.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2018 ਤੱਕ ਇਸ ਮੱਦ ਅਧੀਨ ਕੁੱਲ 21.19 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2018-2019 ਦੋਰਾਨ ਇਸ ਮਦ ਅਧੀਨ 24.24 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2019-2020 ਲਈ ਇਸ ਮਦ ਅਧੀਨ 30.10 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

8. **ਬਿਲਡਿੰਗ ਫੀਸ :**

ਇਸ ਮਦ ਅਧੀਨ ਸਾਲ 2018-2019 ਲਈ 140.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2018 ਤੱਕ ਇਸ ਮੱਦ ਅਧੀਨ 81.30 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2018-2019 ਦੋਰਾਨ ਇਸ ਮੱਦ ਅਧੀਨ 111.00 ਲੱਖ ਰੁਪਏ ਦੀ ਆਮਦਨ ਹੋਣ ਦੀੰ ਸੰਭਾਵਨਾਂ ਹੈ। ਸਾਲ 2019-20 ਲਈ ਇਸ ਮੱਦ ਅਧੀਨ 140.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

**ਕਮਿਸ਼ਨਰ ਸਾਹਿਬ ਨੇ ਦਸਿਆ ਕਿ ਸਰਕਾਰ ਵੱਲੋਂ ਜਲਦ ਹੀ ਵਨ ਟਾਇਮ ਸੈਟਲਮੈਂਟ ਪਾਲਿਸੀ ਐਲਾਨੀ ਜਾ ਰਹੀ ਹੈ। ਇਸ ਨਾਲ ਨਗਰ ਨਿਗਮ ਨੂੰ ਤਕਰੀਬਨ 100.00 ਕਰੋੜ੍ਹ ਰੁਪਏ ਆਮਦਨ ਹੋਵੇਗੀ। ਉਹਨਾਂ ਕਿਹਾ ਕਿ ਵਨ ਟਾਇਮ ਸੈਟਲਮੈਂਟ ਪਾਲਿਸੀ ਅਧੀਨ ਜੋ ਵੀ ਆਮਦਨ ਪ੍ਰਾਪਤ ਹੋਵੇ, ਉਸਨੂੰ ਨਗਰ ਨਿਗਮ ਮਹੱਤਵਪੂਰਣ ਪ੍ਰੋਜੈਕਟਾਂ (Prestigious Projects) ਜਿਵੇਂ ਕਿ ਸ਼ਹਿਰ ਅੰਦਰ ਇਲੈਕਟ੍ਰਿਕ ਕੇਬਲ ਨੂੰ ਅੰਡਰਗਰਾਊਂਡ ਕਰਨਾ, ਸੋਲਰ ਪਾਵਰ ਪੈਨਲ ਲਗਾਉਣਾ, ਸ਼ਹਿਰ ਦੀ ਮੋਜੂਦਾ ਸਟਰੀਟ ਲਾਈਟ ਨੂੰ ਬਦਲ ਕੇ ਐਲ.ਈ.ਡੀ. ਲਗਾਉਣਾ ਆਦਿ ਤੇ ਹੀ ਖਰਚ ਕੀਤਾ ਜਾਵੇਗਾ।**

9. **ਬਿਲਡਿੰਗ ਰਾਜੀਨਾਮਾ ਫੀਸ :**

ਸਾਲ 2018-2019 ਲਈ 60.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2018 ਤੱਕ 44.67 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2018-2019 ਦੋਰਾਨ 59.17 ਲੱਖ ਰੁਪਏ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2018-2019 ਵਿੱਚ ਇਸ ਮਦ ਅਧੀਨ 65.00 ਲੱਖ ਰੁਪਏ ਆਮਦਨ ਤਜਵੀਜ ਕੀਤੀ ਗਈ ਹੈ।

10. **ਵਿਕਾਸ ਚਾਰਜਜ :**

ਇਸ ਮਦ ਅਧੀਨ ਸਾਲ 2018-2019 ਲਈ 250.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2018 ਤੱਕ ਇਸ ਮੱਦ ਅਧੀਨ 105.41 ਲਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2018-2019 ਦੋਰਾਨ ਇਸ ਮਦ ਅਧੀਨ 137.20 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਵਰਨਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ ਪੰਜਾਬ ਵੱਲੋਂ ਪੱਤਰ ਨੰਬਰ ਸੀ.ਟੀ.ਪੀ. (ਸਸ)-2017/2200 ਮਿਤੀ 06.10.2017 ਰਾਹੀਂ ਨਾਨ-ਸਕੀਮ ਏਰੀਏ ਵਿੱਚ ਈ.ਡੀ.ਸੀ., ਸੀ.ਐਲ.ਯੂ, ਯੂ.ਡੀ.ਸੀ. ਅਤੇ ਪੀ.ਐਫ. ਚਾਰਜ਼ਿਜ਼ ਲਗਾਏ ਸਨ, ਉਹ ਪੱਤਰ ਨੰਬਰ ਸੀ.ਟੀ.ਪੀ. (ਐਲਜੀ) 45/ 1430-44 ਮਿਤੀ 08.07.2005 ਦੇ ਆਧਾਰ ਤੇ ਕਮਰਸ਼ੀਅਲ ਏਰੀਏ ਦੇ ਨਕਸ਼ਿਆਂ ਤੇ ਡਿਵੈਲਪਮੈਂਟ ਚਾਰਜ਼ਿਜ਼ ਲਗਾਏ ਸਨ, ਉਹ ਪੱਤਰ ਸੁਪਰਸੀਡ/ਵਿਦਡਰਾਅ ਹੋ ਚੁੱਕਾ ਹੈ। ਇਸ ਮਸਲੇ ਨੂੰ ਨਗਰ ਨਿਗਮ ਬਠਿੰਡਾ ਦੀ ਜਨਰਲ ਹਾਊਸ ਦੀ ਮੀਟਿੰਗ ਮਿਤੀ 25.09.2018 ਵਿੱਚ ਪਾਸ ਕੀਤਾ ਗਿਆ ਕਿ ਸਰਕਾਰ ਦੀਆਂ ਹਦਾਇਤਾਂ ਦੀ ਇਨ-ਬਿਨ ਪਾਲਨਾਂ ਕੀਤੀ ਜਾਵੇ। ਇਸ ਕਰਕੇ ਨਗਰ ਨਿਗਮ ਵੱਲੋਂ ਇਹ ਡਿਵੈਲਪਮੈਂਟ ਚਾਰਜ਼ਿਜ਼ ਕਮਰਸ਼ੀਅਲ ਨਕਸ਼ਿਆਂ ਤੋਂ ਨਹੀਂ ਲਏ ਜਾਂਦੇ । ਇਸ ਲਈ ਆਮਦਨ ਘੱਟ ਹੋ ਗਈ ਹੈ। ਇਸ ਅਨੁਸਾਰ ਇਸ ਮੱਦ ਅਧੀਨ ਸਾਲ 2019-2020 ਲਈ 150.00 ਲੱਖ ਰੁਪਏ ਆਮਦਨ ਤਜਵੀਜ ਕੀਤੀ ਗਈ ਹੈ।

11. **ਚੈਂਜ਼ ਆਫ ਲੈਂਡ ਯੂਜ਼ :**

ਇਸ ਮਦ ਅਧੀਨ ਸਾਲ 2018-2019 ਲਈ 200.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2018 ਤੱਕ 237.31 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2018-2019 ਦੋਰਾਨ ਇਸ ਮਦ ਅਧੀਨ 304.81 ਲੱਖ ਰੁਪਏ ਆਮਦਨ ਹੋਣ ਦੀ ਸੰਭਾਵਨਾਂ ਹੈ। ਇਸ ਲਈ ਸਾਲ 2019-2020 ਲਈ ਇਸ ਮੱਦ ਅਧੀਨ 315.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

12. **ਮਲਬਾ ਫੀਸ (ਬਿਲਡਿੰਗ ਸ਼ਾਖਾ) :**

ਸਾਲ 2018-2019 ਦੋਰਾਨ ਇਸ ਮਦ ਅਧੀਨ 30.00 ਲੱਖ ਰੁਪਏ ਦਾ ਨਿਗਮ ਵੱਲੋਂ ਬਜਟ ਟੀਚਾ ਰੱਖਿਆ ਗਿਆ ਸੀ। ਮਿਤੀ 31.12.2018 ਤੱਕ ਇਸ ਮੱਦ ਅਧੀਨ 22.22 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ 2018-2019 ਦੋਰਾਨ 30.07 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2019-2020 ਲਈ ਇਸ ਮਦ ਅਧੀਨ 35.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

13. **ਵਾਟਰ ਸਪਲਾਈ ਚਾਰਜ਼ਜ਼ (ਬਿਲਡਿੰਗ ਸ਼ਾਖਾ) :**

ਇਸ ਮਦ ਅਧੀਨ ਸਾਲ 2017-2018 ਦੌਰਾਨ 72.50 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2018-2019 ਦੌਰਾਨ ਇਸ ਮਦ ਅਧੀਨ 80.00 ਲੱਖ ਰੁਪਏ ਦੀ ਬਜਟ ਆਮਦਨ ਪ੍ਰਵਾਨ ਹੈ। ਮਿਤੀ 31.12.2018 ਤੱਕ ਇਸ ਮੱਦ ਅਧੀਨ 63.51 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ 2018-2019 ਦੌਰਾਨ 86.24 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2019-2020 ਲਈ ਇਸ ਮਦ ਅਧੀਨ 95.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

ਸ਼੍ਰੀਮਤੀ ਗੁਰਿੰਦਰ ਪਾਲ ਕੌਰ ਮਾਂਗਟ, ਡਿਪਟੀ ਮੇਅਰ ਨੇ ਕਿਹਾ ਕਿ ਸ਼ਹਿਰ ਵਿੱਚ ਜੱਦ ਵੀ ਕੋਈ ਨਵੀਂ ਉਸਾਰੀ ਹੁੰਦੀ ਹੈ ਤਾਂ ਉਸ ਪ੍ਰਾਪਰਟੀ ਨੂੰ ਪਾਣੀ ਦਾ ਟੈਂਪਰੇਰੀ ਕੁਨੈਕਸ਼ਨ ਦੇ ਦਿੱਤਾ ਜਾਵੇ। ਇਸ ਨਾਲ ਨਗਰ ਨਿਗਮ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ। ਇਸਤੇ ਕਮਿਸ਼ਨਰ ਸਾਹਿਬ ਨੇ ਦਸਿਆ ਕਿ ਬਿਲਡਿੰਗ ਬਾਈਲਾਜ਼ ਮੁਤਾਬਿਕ ਉਸਾਰੀ ਕਰਨ ਸਮੇਂ ਕਿਸੇ ਵੱਲੋਂ ਵੀ ਪੀਣ ਵਾਲੇ ਪਾਣੀ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ।
ਸ੍ਰ: ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਪਾਣੀ ਅਤੇ ਸੀਵਰੇਜ਼ ਦੇ ਜੋ ਕੁਨੈਕਸ਼ਨ ਅਣਅਧਿਕਾਰਤ ਤੋਰ ਤੇ ਚੱਲ ਰਹੇ ਹਨ, ਉਹਨਾਂ ਨੂੰ ਰੈਗੂਲਰ ਕੀਤਾ ਜਾਵੇ। ਇਸ ਨਾਲ ਵੀ ਨਗਰ ਨਿਗਮ ਦੀ ਆਮਦਨ ਵਿਚ ਵਾਧਾ ਹੋਵੇਗਾ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਪਹਿਲਾਂ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਪਾਣੀ ਅਤੇ ਸੀਵਰੇਜ਼ ਦੇ ਬਿਲਾਂ ਦੀ ਕੁਲੈਕਸ਼ਨ ਕੀਤੀ ਜਾ ਰਹੀ ਸੀ। ਪਰੰਤੂ ਹੁਣ ਤ੍ਰਿਵੇਣੀ ਕੰਪਨੀ ਨੂੰ ਪਾਣੀ ਅਤੇ ਸੀਵਰੇਜ਼ ਦੇ ਬਿਲ ਕੂਲੈਕਟ ਕਰਨ ਲਈ ਹਦਾਇਤ ਕੀਤੀ ਗਈ ਹੈ। ਇਸ ਨਾਲ ਨਗਰ ਨਿਗਮ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ।

14. ਕਾਊ ਸੈਸ:
ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 6/80/2013-5ਸਸ1/225136/3-11 ਮਿਤੀ 22.05.2014 ਅਨੁਸਾਰ ਨਗਰ ਨਿਗਮ ਬਠਿੰਡਾ ਵੱਲੋਂ ਦੀ ਪੰਜਾਬ ਰਪੋਹਿਬਸ਼ੇਨ ਆਫ ਕਾਓਜ਼ ਸਲਾਟਰ ਐਕਟ 1955 (15 ਤੋਂ 1956) ਦੀ ਧਾਰਾ 7 ਅਧੀਨ ਆਪਣੇ ਮਤਾ ਨੰਬਰ 5 ਮਿਤੀ 05.08.2013 ਰਾਹੀ ਕਾਓ ਸੈਸ ਲਗਾਉਣਾ ਪ੍ਰਵਾਨ ਕੀਤਾ ਹੈ। ਇਸ ਸਬੰਧੀ ਤੇਲ ਟੈਂਕਰ, ਸ਼ਰਾਬ ਅੰਗਰੇਜੀ, ਸ਼ਰਾਬ ਦੇਸੀ, ਸੀਮਿੰਟ ਪ੍ਰਤੀ ਬੈਗ, ਬਿਜਲੀ ਪ੍ਰਤੀ ਯੂਨਿਟ, ਮੈਰਿਜ ਪੈਲੇਸ, ਫੋਰ ਵੀਲਰ ਅਤੇ ਟੂ ਵੀਲਰ ਦੀ ਹੋਣ ਵਾਲੀ ਵਿਕਰੀ ਤੇ ਕਾਊ ਸੈਸ ਚਾਰਜ਼ ਕੀਤਾ ਜਾਣਾ ਹੈ। ਸਾਲ 2018-2019 ਲਈ 400.00 ਲੱਖ ਰੁਪਏ ਦੇ ਮਿੱਥੇ ਟੀਚੇ ਵਿਰੁੱਧ ਮਿਤੀ 31.12.2018 ਤੱਕ 251.57 ਲੱਖ ਰੁਪਏ ਦੀ ਆਮਦਨ ਹੋਈ ਹੈ। ਸਾਲ 2018-2019 ਦੌਰਾਨ ਇਸ ਮੱਦ ਅਧੀਨ 345.00 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2019-2020 ਲਈ 400.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

ਇਸ ਮੱਦ ਤੇ ਵਿਚਾਰ ਕਰਨ ਸਮੇਂ ਸ਼੍ਰੀ ਰਾਜ ਕੁਮਾਰ ਗੋਇਲ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਬੇਸਹਾਰਾ ਪਸ਼ੂਆਂ ਦੀ ਗਿਣਤੀ ਦਿਨ ਬ ਦਿਨ ਵੱਧ ਰਹੀ ਹੈ। ਉਹਨਾਂ ਦਸਿਆ ਕਿ ਇਸ ਸਮੇਂ ਵੀ ਤਕਰੀਬਨ 25-30 ਬੇਸਹਾਰਾ ਪਸ਼ੂ ਮਹਾਂਬੀਰ ਦਲ ਹਸਪਤਾਲ ਪਾਸ ਦੇਖੇ ਜਾ ਸਕਦੇ ਹਨ। ਇਸਤੇ ਸ਼੍ਰੀ ਕਮਲ ਰਾਮ, ਜੂਨੀਅਰ ਇੰਜੀਨੀਅਰ ਨੇ ਦਸਿਆ ਕਿ ਪਿਛਲੇ ਦਿਨੀ ਅਮਰੀਕ ਸਿੰਘ ਰੋਡ ਤੋਂ 70 ਬੇਸਹਾਰਾ ਪਸ਼ੂ ਫੜ੍ਹ ਕੇ ਗਊਸ਼ਾਲਾ ਵਿੱਚ ਭੇਜੇ ਗਏ ਹਨ।

ਮਾਨਯੋਗ ਮੇਅਰ ਸਾਹਿਬ ਨੇ ਦਸਿਆ ਕਿ ਸ਼ਹਿਰ ਵਿੱਚ ਦਿਨ ਬ ਦਿਨ ਬੇਸਹਾਰਾ ਪਸ਼ੂਆਂ ਦੀ ਵੱਧ ਰਹੀ ਗਿਣਤੀ ਨੂੰ ਦੇਖਦੇ ਹੋਏ ਮਿਤੀ 25.02.2019 ਨੂੰ ਹੋਈ ਐਫ.ਐਂਡ ਸੀ.ਸੀ. ਦੀ ਮੀਟਿੰਗ ਵਿੱਚ ਹਰਰਾਏਪੁਰ ਗਊਸ਼ਾਲਾ ਵਿੱਚ 2 ਨੰਬਰ ਕਾਊ ਸ਼ੈਡ ਬਨਾਉਣ ਲਈ ਵਰਕ ਆਰਡਰ ਦੇਣ ਦਾ ਮਤਾ ਪਾਸ ਕੀਤਾ ਗਿਆ ਹੈ। ਇਸਤੋਂ ਇਲਾਵਾ ਸ਼ਹਿਰ ਵਿੱਚੋਂ ਪਸ਼ੂ ਫੜ੍ਹਨ ਲਈ ਟੈਂਡਰ ਕੀਤਾ ਗਿਆ ਹੈ।

ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਸ਼ਹਿਰ ਦੇ ਜਿਸ ਵੀ ਏਰੀਏ ਵਿੱਚੋਂ ਬੇਸਹਾਰਾ ਪਸ਼ੂ ਫੜ੍ਹੇ ਜਾਣ, ਉਸ ਏਰੀਏ ਦੇ ਸਬੰਧਤ ਮਿਊਂਸਪਲ ਕੌਂਸਲਰ ਪਾਸੋਂ ਅਤੇ ਆਸ-ਪਾਸ ਦੇ ਵਸਨੀਕਾਂ ਤੋਂ ਦਸਤਖਤ ਵੀ ਕਰਵਾਏ ਜਾਣ।

ਸ਼੍ਰੀ ਪੰਕਜ ਅਰੋੜਾ, ਕੌਂਸਲਰ ਨੇ ਕਿਹਾ ਕਿ ਸ਼ਰਾਬ ਤੇ ਕਾਊ ਸੈਸ ਨਾ ਵਸੂਲ ਹੋਣ ਕਾਰਨ ਕਾਊ ਸੈਸ ਦੀ ਆਮਦਨ ਤੇ ਫਰਕ ਪੈਂਦਾ ਹੈ। ਮਾਨਯੋਗ ਮੇਅਰ ਸਾਹਿਬ ਨੇ ਦਸਿਆ ਕਿ ਸ਼ਰਾਬ ਅਤੇ ਸੀਮਿੰਟ ਤੇ ਕਾਊ ਸੈਸ ਨਾ ਹੋਣ ਕਾਰਨ ਕਾਊ ਸੈਸ ਦੀ ਆਮਦਨ ਤੇ ਬਹੁਤ ਜਿਆਦਾ ਫਰਕ ਪੈ ਰਿਹਾ ਹੈ। ਉਹਨਾਂ ਇਸ ਸਬੰਧੀ ਸਰਕਾਰ ਨੂੰ ਲਿਖਣ ਦੀ ਹਦਾਇਤ ਕੀਤੀ।

ਸ੍ਰ: ਹਰਮਿੰਦਰ ਸਿੰਘ ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਪਸ਼ੂਆ ਤੋਂ ਆ ਰਹੀ ਸਮੱਸਿਆ ਨੂੰ ਦੇਖਦੇ ਹੋਏ ਯੋਗ ਹੋਵੇਗਾ ਕਿ ਨਗਰ ਨਿਗਮ ਵੱਲੋਂ ਇੱਕ ਮੋਬਾਇਲ ਟੀਮ ਤਿਆਰ ਕੀਤੀ ਜਾਵੇ। ਸ਼ਹਿਰ ਦੇ ਹਰ ਐਂਟਰੀ ਪੁਆਇੰਟ ਤੇ ਵਿਅਕਤੀ ਤੈਨਾਤ ਕਰਕੇ ਸ਼ਹਿਰ ਅੰਦਰ ਬੇਸਹਾਰਾ ਪਸ਼ੂਆਂ ਨੂੰ ਦਾਖਲ ਹੋਣ ਤੋਂ ਰੋਕਿਆ ਜਾਵੇ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ 10 ਵਿਅਕਤੀ ਕਾਊ ਸੈਸ ਅਧੀਨ ਰੱਖ ਕੇ ਅਤੇ 10 ਸਫਾਈ ਸੇਵਕਾਂ ਦੀ ਟੀਮ ਤਿਆਰ ਕੀਤੀ ਜਾ ਰਹੀ ਹੈ, ਜਿਸ ਨਾਲ ਸ਼ਹਿਰ ਅੰਦਰ ਪਸ਼ੂ ਦਾਖਲ ਹੋਣ ਤੇ ਰੋਕ ਲਗੇਗੀ। ਇਸਤੇ ਸ੍ਰ: ਬਲਜੀਤ ਸਿੰਘ ਸਰਾਂ ਅਤੇ ਸ੍ਰ: ਹਰਮਿੰਦਰ ਸਿੰਘ ਕੌਂਸਲਰ ਸਾਹਿਬਾਨ ਨੇ ਕਿਹਾ ਕਿ ਇਸ ਸਬੰਧੀ ਠੇਕਾ ਕਰ ਦਿੱਤਾ ਜਾਵੇ।

15. ਬਿਲਡਿੰਗ ਰੈਗੂਲਰਾਈਜ਼ੇਸ਼ਨ:
ਸਾਲ 2018-2019 ਦੌਰਾਨ ਇਸ ਮੱਦ ਅਧੀਨ 100.00 ਲੱਖ ਰੁਪਏ ਦੀ ਆਮਦਨ ਬਜਟ ਵਿੱਚ ਪ੍ਰਵਾਨ ਹੈ। ਮਿਤੀ 31.12.2018 ਤੱਕ ਇਸ ਮੱਦ ਅਧੀਨ 86.18 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2018-2019 ਦੌਰਾਨ ਇਸ ਮੱਦ ਅਧੀਨ 146.55 ਲੱਖ ਰੁਪਏ ਦੀ ਆਮਦਨ

ਹੋਣ ਦੀ ਸੰਭਾਵਨਾਂ ਹੈ। ਸਾਲ 2019-2020 ਲਈ ਇਸ ਮੱਦ ਅਧੀਨ 150.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

16. **ਐਕਸਾਇਜ ਡਿਊਟੀ** :
ਸਾਲ 2018-2019 ਲਈ ਇਸ ਮਦ ਅਧੀਨ 200.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਸੀ, ਜਿਸ ਵਿੱਚੋਂ ਸਾਲ 2018-2019 ਦੋਰਾਨ ਮਿਤੀ 31.12.2018 ਤੱਕ 103.32 ਲੱਖ ਰੁਪਏ ਪ੍ਰਾਪਤ ਹੋ ਚੁੱਕੇ ਹਨ। ਸਾਲ 2018-2019 ਦੋਰਾਨ ਇਸ ਮੱਦ ਅਧੀਨ 203.32 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਇਸ ਮੱਦ ਅਧੀਨ 250.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

17. **ਮਿਉਂਸਪਲ ਬਿਜਲੀ ਕਰ**:
ਬਠਿੰਡਾ ਸ਼ਹਿਰ ਵਿਖੇ ਬਿਜਲੀ ਪਹਿਲਾਂ ਗੁਰੂ ਨਾਨਕ ਦੇਵ ਥਰਮਲ ਪਲਾਂਟ ਤੋਂ ਸਪਲਾਈ ਕੀਤੀ ਜਾਂਦੀ ਸੀ। ਹੁਣ ਇਸ ਥਰਮਲ ਪਲਾਂਟ ਦੇ ਬੰਦ ਹੋਣ ਕਾਰਨ ਬਿਜਲੀ ਦੀ ਸਪਲਾਈ ਬਾਹਰ ਤੋਂ ਲਈ ਜਾ ਰਹੀ ਹੈ। ਇਸ ਸਪਲਾਈ ਦੀ ਖਪਤ ਤੇ 2 ਪੈਸੇ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿਜਲੀ ਬੋਰਡ ਪਾਸੋਂ ਨਗਰ ਨਿਗਮ ਨੂੰ ਆਮਦਨ ਜਮਾਂ ਕਰਵਾਈ ਜਾਵੇਗੀ। ਇਸ ਮੱਦ ਅਧੀਨ ਮਿਤੀ 31.12.2018 ਤੱਕ 97.66 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2018-19 ਦੋਰਾਨ 397.66 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2019-2020 ਲਈ 600.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

18. **ਹੋਰ ਸਾਧਨ** :
ਇਸ ਮਦ ਅਧੀਨ ਸਾਲ 2017-2018 ਵਿਚ 83.37 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2018-2019 ਲਈ 150.00 ਲੱਖ ਰੁਪਏ ਦੀ ਆਮਦਨ ਬਜਟ ਵਿਚ ਰਖੀ ਸੀ, ਜਿਸ ਵਿਚ ਸ਼ੋਅ ਟੈਕਸ, ਮੰਨੋਰੰਜਨ ਕਰ, ਸਲਾਟਰ, ਮੁਰਦਾ ਪਸ਼ੂ, ਪਿਓਰ ਫੂਡ, ਫਾਇਰ ਕਾਲ ਚਾਰਜਜ, ਬੈਂਕਾ ਤੋਂ ਪ੍ਰਾਪਤ ਸੇਵਿੰਗ ਖਾਤਿਆਂ ਤੇ ਵਿਆਜ਼, ਵ/ਸ ਫੁਟਕਲ ਅਤੇ ਅਨਕਲਾਸੀਫਾਇਡ ਚਾਰਜਜ ਆਦਿ ਵੀ ਸ਼ਾਮਲ ਹਨ। ਸਾਲ 2018-2019 ਵਿਚ ਇਸ ਮੱਦ ਅਧੀਨ 118.19 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2019-2020 ਲਈ ਇਸ ਮੱਦ ਅਧੀਨ 152.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਗਈ ਹੈ।

19 ਅਤੇ 20 **ਵਾਟਰ ਸਪਲਾਈ ਅਤੇ ਸੀਵਰੇਜ** :
ਬਠਿੰਡਾ ਸ਼ਹਿਰ ਵਿਖੇ ਹਾਲ ਦੀ ਘੜੀ ਪਾਣੀ ਦੇ 36168 ਕੂਨੈਕਸ਼ਨ ਅਤੇ ਸੀਵਰ ਦੇ 35330 ਕੂਨੈਕਸ਼ਨ ਕੁੱਲ 71498 ਕੂਨੈਕਸ਼ਨ ਹਨ। ਸਰਕਾਰ ਦੀ ਪਾਲਿਸੀ ਅਨੁਸਾਰ 125 ਵ: ਗੱਜ਼ ਤੱਕ ਦੇ ਤਕਰੀਬਨ 25638 ਮਕਾਨਾਂ ਨੂੰ ਪਾਣੀ ਅਤੇ ਸੀਵਰ ਦੇ ਬਿਲਾਂ ਤੋਂ ਛੋਟ ਦਿੱਤੀ ਹੋਈ ਹੈ। ਹਾਲ ਦੀ ਘੜੀ 9030 ਕੂਨੈਕਸ਼ਨ ਬੰਦ ਹਨ। ਇਸ ਤਰ੍ਹਾਂ ਨਾਲ ਕੁੱਲ 36830 ਕੂਨੈਕਸ਼ਨਾਂ ਤੋਂ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਬਿਲਾਂ ਤੋਂ ਆਮਦਨ ਪ੍ਰਾਪਤ ਹੋ ਰਹੀ ਹੈ। ਮਿਤੀ 01.04.2018 ਨੂੰ ਕੁੱਲ ਬਕਾਇਆ ਜਾਤ 1408.75 ਲੱਖ ਰੁਪਏ ਸਨ ਅਤੇ ਸਾਲ 2018-19 ਲਈ ਕੁੱਲ ਡਿਮਾਂਡ 548.85 ਲੱਖ ਰੁਪਏ ਕੁੱਲ 1957.60 ਲੱਖ ਰੁਪਏ ਵਸੂਲਣਯੋਗ ਰਕਮ ਸੀ। ਮਿਤੀ 31.12.2018 ਤੱਕ ਇਸ ਮੱਦ ਅਧੀਨ 358.48 ਲੱਖ ਰੁਪਏ ਦੀ ਆਮਦਨ ਹੋਈ ਹੈ ਅਤੇ ਸਾਲ 2018-19 ਦੋਰਾਨ 750.00 ਲੱਖ ਰੁਪਏ ਦੀ ਵਸੂਲੀ ਹੋਣ ਦੀ ਸੰਭਾਵਨਾਂ ਹੈ। ਇਸ ਤਰ੍ਹਾਂ ਨਾਲ ਸਿੱਧੇ ਤੋਰ ਤੇ ਵਸੂਲਣਯੋਗ ਬਕਾਇਆਜਾਤ 1207.60 ਲੱਖ ਰੁਪਏ ਰਹਿ ਜਾਂਦੇ ਹਨ। ਪਿਛਲੇ ਬਕਾਇਆਜਾਤ ਵਿੱਚੋਂ 40% ਯਾਨਿ ਕਿ ਤਕਰੀਬਨ 482.00 ਲੱਖ ਰੁਪਏ ਅਤੇ ਸਾਲ 2019-2020 ਲਈ ਡਿਮਾਂਡ 600.00 ਲੱਖ ਰੁਪਏ ਤਜਵੀਜ ਕੀਤੇ ਜਾਂਦੇ ਹਨ। ਇਸ ਤਰ੍ਹਾਂ ਡਿਮਾਂਡ ਅਤੇ ਬਕਾਇਆਜਾਤ ਲਈ 1082.00 ਲੱਖ ਰੁਪਏ ਦੀ ਸੰਭਾਵਨਾ ਹੈ। ਹੋਰ ਮੱਦਾਂ ਜਿਵੇਂ ਕਿ ਰੋਡ ਕਟਿੰਗ ਚਾਰਜ਼ਜ਼, ਕੂਨੈਕਸ਼ਨ ਫੀਸ, ਵਾਟਰ ਸਪਲਾਈ ਮਿਸਲੇਨੀਅਸ ਅਤੇ ਸ਼ੇਅਰ ਕਾਸਟ ਤੋਂ 261.00 ਲੱਖ ਰੁਪਏ ਆਮਦਨ ਹੋਣ ਦੀ ਸੰਭਾਵਨਾਂ ਹੈ। ਸਾਲ 2018-2019 ਲਈ ਤਜਵੀਜ ਵਾਟਰ ਸਪਲਾਈ ਅਤੇ ਸੀਵਰੇਜ਼ ਅਤੇ ਹੋਰ ਮੱਦਾਂ ਅਧੀਨ 1343.00 ਲੱਖ ਰੁਪਏ ਦੀ ਆਮਦਨ ਤਜਵੀਜ ਕੀਤੀ ਜਾਂਦੀ ਹੈ।

**ਕਮਿਸ਼ਨਰ ਸਾਹਿਬ ਨੇ ਦਸਿਆ ਕਿ ਨਗਰ ਨਿਗਮ ਵੱਲੋਂ ਪਾਣੀ ਅਤੇ ਸੀਵਰੇਜ਼ ਦੇ ਬਿਲ ਆਨ-ਲਾਇਨ ਭਰਨ ਦੀ ਵਿਵਸਥਾ ਕੀਤੀ ਜਾ ਰਹੀ ਹੈ। ਇਸਤੋਂ ਇਲਾਵਾ ਤ੍ਰਿਵੇਣੀ ਕੰਪਨੀ ਨੂੰ ਸ਼ਹਿਰ ਵਿੱਚੋਂ ਬਿਲ ਕੂਲੈਕਟ ਕਰਨ ਦੀ ਹਦਾਇਤ ਕੀਤੀ ਗਈ ਹੈ। ਇਸ ਨਾਲ ਪਾਣੀ ਅਤੇ ਸੀਵਰੇਜ਼ ਦੀ ਆਮਦਨ ਵਿੱਚ ਵਾਧਾ ਹੋਵੇਗਾ।**
**ਸ੍ਰ: ਹਰਜਿੰਦਰ ਸਿੰਘ ਟੋਨੀ, ਕੋਂਸਲਰ ਨੇ ਕਿਹਾ ਕਿ ਸ਼ਹਿਰ ਦੇ ਕਈ ਅਜਿਹੇ ਇਲਾਕੇ ਹਨ, ਜਿੰਨ੍ਹਾ ਵਿੱਚ ਪੀਣ ਵਾਲਾ ਪਾਣੀ ਮੁਹਈਆ ਨਹੀਂ ਕਰਵਾਇਆ ਜਾ ਰਿਹਾ। ਪਰੰਤੂ ਬਿਲ ਭੇਜੇ ਜਾ ਰਹੇ ਹਨ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਅਜਿਹੇ ਇਲਾਕੇ ਨੋਟ ਕਰਵਾਏ ਜਾਣ, ਤਾਂ ਜੋ ਕਿਸੇ ਨੂੰ ਪੀਣ ਵਾਲੇ ਪਾਣੀ ਦੀ ਦਿੱਕਤ ਨਾ ਆਵੇ।**

**ਕਮਿਟਡ ਖਰਚਾ (ਵਚਨਬੱਧ ਖਰਚੇ):**

1. **ਅਮਲਾ (ਸਟਾਫ ਦੀਆਂ ਤਨਖਾਹਾਂ)**:

ਇਸ ਮਦ ਅਧੀਨ ਸਾਲ 2018-2019 ਦੇ ਬਜਟ ਵਿੱਚ 7000.00 ਲੱਖ ਰੁਪਏ ਦਾ ਖਰਚਾ ਪ੍ਰਵਾਨ ਕੀਤਾ ਗਿਆ ਸੀ, ਜਿਸ ਵਿੱਚੋਂ ਮਿਤੀ 31.12.2018 ਤੱਕ 4878.65 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਸਾਲ 2018-2019 ਦੋਰਾਨ 6645.15 ਲੱਖ ਰੁਪਏ ਖਰਚ ਹੋਣ ਦੀ ਸੰਭਾਵਨਾਂ ਹੈ। ਸਾਲ 2019-2020 ਲਈ ਇਸ ਮਦ ਅਧੀਨ ਮੰਜੂਰਸ਼ੁਦਾ ਆਸਾਮੀਆਂ ਤੇ 6358.36 ਲੱਖ ਰੁਪਏ, ਸਰਕਾਰ ਵੱਲੋਂ ਪੈਨਸ਼ਨ ਕੰਟਰੀਬਿਊਸ਼ਨ ਦੀ ਕਟੋਤੀ ਵੈਟ ਵਿੱਚੋਂ ਕਰਨ ਤੇ ਆਉਣ ਵਾਲੇ ਖਰਚੇ 1350.00 ਲੱਖ ਰੁਪਏ ਨੂੰ ਜੋੜਦੇ ਹੋਏ ਕੁੱਲ 7708.36 ਲੱਖ ਰੁਪਏ ਦਾ ਖਰਚਾ ਤਜਵੀਜ ਕੀਤਾ ਗਿਆ ਹੈ। ਇਸ ਖਰਚੇ ਵਿਚ ਕਰਮਚਾਰੀ ਦੀਆਂ ਤਨਖਾਹਾਂ, ਸਲਾਨਾ ਤਰੱਕੀ, ਮਹਿੰਗਾਈ ਭੱਤੇ ਦੀ ਕਿਸ਼ਤ, ਗਰੈਚੂਟੀ, ਲੀਵ ਇਨਕੈਸ਼ਮੈਂਟ, ਮੈਡੀਕਲ ਭੱਤਾ, ਐਲ.ਟੀ.ਸੀ ਅਤੇ ਏਰੀਅਰ ਸ਼ਾਮਲ ਹਨ, ਜੋ ਕਿ ਤਜਵੀਜਤ ਆਮਦਨ ਦਾ 53% ਹੈ।

## 2. ਕੰਟੀਜੈਨਸੀ (ਅਚਨਚੇਤ ਖਰਚੇ) :

ਇਸ ਮਦ ਅਧੀਨ ਸਾਲ 2018-2019 ਲਈ 200.00 ਲੱਖ ਰੁਪਏ ਦਾ ਖਰਚਾ ਪ੍ਰਵਾਨ ਹੈ। ਇਸ ਵਿੱਚੋਂ ਮਿਤੀ 31.12.2018 ਤੱਕ 108.60 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਸਾਲ 2018-2019 ਦੋਰਾਨ 171.70 ਲੱਖ ਰੁਪਏ ਖਰਚਾ ਹੋਣ ਦੀ ਸੰਭਾਵਨਾਂ ਹੈ। ਇਸ ਮਦ ਅਧੀਨ ਸਾਲ 2019-2020 ਲਈ 210.00 ਲੱਖ ਰੁਪਏ ਖਰਚਾ ਤਜਵੀਜ ਕੀਤਾ ਗਿਆ ਹੈ। ਇਹ ਖਰਚਾ ਤਜਵੀਜ ਸ਼ੁਦਾ ਆਮਦਨ ਦਾ 1% ਹੈ। ਇਸਦੀ ਵਿਸਥਾਰਪੂਰਵਕ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਮੱਦ ਦਾ ਨਾਮ | ਅਸਲ ਖਰਚਾ | ਬਜਟ | ਅਸਲ ਖਰਚਾ | ਸੰਭਾਵਤ ਖਰਚਾ | ਸੰਭਾਵਤ ਖਰਚਾ | ਤਜਵੀਜ ਖਰਚਾ |
|---|---|---|---|---|---|---|---|
| | | 2017-18 | 2018-19 | 31.12.18 ਤੱਕ | 01.01.19 ਤੋ | 2018-19 | 2019-20 |
| | | | | | 31.03.19 | | |
| | | | | 31.01.19 | | | |
| 1 | ਸਟੇਸ਼ਨਰੀਂ | 15.78 | 20.00 | 12.38 | 8.00 | 20.38 | 20.00 |
| 2 | ਦਫਤਰ ਦੇ ਬਿਜਲੀ ਬਿਲ | 15.91 | 20.00 | 17.99 | 5.00 | 22.99 | 25.00 |
| 3 | ਡੀਜ਼ਲ ਅਤੇ ਪੈਟ੍ਰੋਲ | 44.56 | 50.00 | 28.38 | 15.00 | 43.38 | 50.00 |
| 4 | ਵਹੀਕਲਾਂ ਦੀ ਮੁਰਮੰਤ | 19.49 | 25.00 | 6.86 | 4.00 | 10.86 | 15.00 |
| 5 | ਟੈਲੀਫੋਨ ਖਰਚਾ | 4.55 | 5.00 | 1.99 | 0.75 | 2.74 | 3.00 |
| 6 | ਕੰਪਿਊਟਰ ਅਤੇ ਫੋਟੋ ਸਟੇਟ ਮਸ਼ੀਨ | 11.81 | 15.00 | 15.57 | 10.00 | 25.57 | 30.00 |
| 7 | ਹੋਰ ਖਰਚੇ | | | | | | |
| (i) | ਵਰਦੀਆਂ | 2.68 | 15.00 | 3.47 | 10.00 | 13.47 | 15.00 |
| (ii) | ਫਰਨੀਚਰ (ਨਵਾਂ ਅਤੇ ਪੁਰਾਣਾ) | 6.42 | 5.00 | 6.84 | 3.00 | 9.84 | 11.00 |
| (iii) | ਗੱਡੀਆਂ ਦਾ ਬੀਮਾ | 3.33 | 4.00 | 2.03 | 1.00 | 3.03 | 4.00 |
| (iv) | ਫਾਇਰ ਬ੍ਰਿਗੇਡ ਦਾ ਖਰਚਾ | 2.14 | 2.50 | 2.43 | 0.25 | 2.68 | 3.00 |
| (v) | ਅਖਬਾਰਾਂ ਦਾ ਖਰਚਾ | 0.51 | 1.00 | 0.37 | 0.60 | 0.97 | 1.00 |
| (vi) | ਵਿਗਿਆਪਣ ਤੇ ਪਬਲਿਕ ਨੋਟਿਸ ਦੇਣ ਤੇ ਖਰਚਾ | 4.74 | 5.00 | 1.70 | 0.50 | 2.20 | 3.00 |
| (vii) | ਹੋਰ ਖਰਚੇ ਜਿਵੇਂ ਕਿ ਮੇਅਰ ਮੈਂਬਰਸ਼ਿਪ ਫੀਸ, ਕੌਂਸਲਰਾਂ ਦੇ ਭੱਤੇ, ਪ੍ਰਾਪਰਟੀ ਟੈਕਸ ਸਾਫਟਵੇਅਰ, ਟੀ.ਏ. ਡਿਸਪੈਂਸ਼ਰੀ ਦਾ ਕਿਰਾਇਆ, ਰਸੀਦੀ ਟਿਕਟਾਂ, ਪਰਮਾਨੈਂਟ ਐਡਵਾਂਸ, ਰਿਫਰੈਸ਼ਮੈਂਟ, ਆਜ਼ਾਦੀ ਦਿਵਸ ਅਤੇ ਗਣਤੰਤਰ ਦਿਵਸ ਦੇ ਮੌਕੇ ਤੇ ਹੋਣ ਵਾਲੇ ਖਰਚੇ, ਕਰਾਕਰੀ, ਲਾਇਸੰਸ ਪਲੇਟਾਂ, ਜੈਨਰੇਟਰ ਅਤੇ ਏ.ਸੀ. ਰਿਪੇਅਰ, ਟੀ.ਡੀ.ਐਸ. ਰਿਟਰਨ ਫਾਇਲ ਕਰਨ ਤੇ ਖਰਚੇ, ਈ.ਪੀ.ਐਫ. ਵਕੀਲ ਦੀ ਫੀਸ, ਕੈਮਰੇ/ਪ੍ਰੋਜੈਕਟਰ ਲਗਾਉਣ ਦੇ ਖਰਚੇ, ਵਾਇਰਲੈਸ ਸਪੀਕਰ ਆਦਿ ਦੇ ਖਰਚੇ। | 21.39 | 22.50 | 8.59 | 5.00 | 13.59 | 20.00 |
| (viii) | ਸਰਕਾਰ ਪਾਸੋਂ ਧਾਰਾ 82(3) ਅਧੀਨ ਪ੍ਰਵਾਨਗੀ ਲੈਣ ਉਪਰੰਤ ਹੋਣ ਵਾਲੇ ਖਰਚੇ | | 10.00 | | | | 10.00 |
| | ਕੁੱਲ" | 153.31 | 200.00 | 108.60 | 63.10 | 171.70 | 210.00 |

## 3. ਕਮਿਟਡ ਮੈਨਟੀਨੈਂਸ ਖਰਚਾ (ਵਚਨਬੱਧ ਰੱਖ-ਰਖਾਵ ਖਰਚਾ) :

ਕਮਿਟਡ ਮੈਨਟੀਨੈਂਸ (ਵਚਨਬੱਧ ਰੱਖ-ਰਖਾਵ) ਖਰਚੇ ਲਈ ਸਾਲ 2018-2019 ਲਈ 5535 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਵਿੱਚੋਂ ਮਿਤੀ 31.12.2018 ਤੱਕ

3473.58 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਸਾਲ 2018-2019 ਦੌਰਾਨ ਇਸ ਮਦ ਅਧੀਨ 4766.58 ਲੱਖ ਰੁਪਏ ਖਰਚਾ ਹੋਣ ਦੀ ਸੰਭਾਵਨਾਂ ਹੈ। ਸਾਲ 2019-2020 ਲਈ ਇਸ ਮਦ ਅਧੀਨ 4830.00 ਲੱਖ ਰੁਪਏ ਦਾ ਖਰਚਾ ਤਜਵੀਜ ਕੀਤਾ ਗਿਆ ਹੈ। ਇਸਦੀ ਵਿਸਥਾਰਪੂਰਵਕ ਡਿਟੇਲ ਹੇਠ ਲਿਖੇ ਅਨੁਸਾਰ ਹੈ:-

## ਕਮਿਟਡ ਮੈਨਟੀਨੈਂਸ (ਵਚਨਬੱਧ ਰੱਖ-ਰਖਾਵ ਖਰਚਿਆਂ ਦਾ ਸਾਲ 2019-20 ਦਾ ਬਜਟ ਅਨੁਮਾਨ

| ਲੜੀ ਨੰ: | ਮੱਦ ਦਾ ਨਾਮ | ਅਸਲ ਖਰਚਾ | ਬਜਟ | ਅਸਲ ਖਰਚਾ | ਸੰਭਾਵਤ | ਸੰਭਾਵਤ | ਤਜਵੀਜਤ |
|---|---|---|---|---|---|---|---|
| | | 2017-18 | 2018-19 | 31.12.2018 | ਖਰਚਾ | ਖਰਚਾ | ਖਰਚਾ |
| | | | | ਤੱਕ | 01.01.19 ਤੋਂ | 2018-19 | 2019-20 |
| | | | | | 31.03.19 | | |
| | ਕਮਿਟਡ ਮੈਨਟੀਨੈਂਸ (ਵਚਨਬੱਧ ਰੱਖ ਰਖਾਵ ਖਰਚਾ) | | | | | | |
| 1 | ਵਾਟਰ ਸਪਲਾਈ ਮੈਨਟੀਨੈਂਸ (ਸੀਵਰੇਜ਼ ਬੋਰਡ/ਪਬਲਿਕ ਹੈਲਥ) | 41.71 | 150.00 | 112.61 | 100.00 | 212.61 | 150.00 |
| 2 | ਵਾਟਰ ਸਪਲਾਈ ਮੈਨਟੀਨੈਂਸ (ਨਗਰ ਨਿਗਮ ਬਠਿੰਡਾ) | 96.38 | 75.00 | 25.32 | 15.00 | 40.32 | 75.00 |
| 3 | ਵਾਟਰ ਸਪਲਾਈ ਬਿਜਲੀ ਬਿੱਲ | 427.83 | 500.00 | 317.87 | 100.00 | 417.87 | 500.00 |
| 4 | ਸੀਵਰੇਜ਼ ਮੈਨਟੀਨੈਂਸ (ਸੀਵਰੇਜ਼ ਬੋਰਡ) | 75.00 | 600.00 | 150.95 | 50.00 | 200.95 | 200.00 |
| 5 | ਸੀਵਰੇਜ਼ ਮੈਨਟੀਨੈਂਸ (ਨਗਰ ਨਿਗਮ ਬਠਿੰਡਾ) | 93.79 | 90.00 | 153.15 | 10.00 | 163.15 | 100.00 |
| 6 | ਸੀਵਰੇਜ਼ ਬਿਜਲੀ ਬਿੱਲ | 459.50 | 530.00 | 344.04 | 100.00 | 444.04 | 500.00 |
| 7 | ਲੋਨ/ਵਿਆਜ਼ ਦੀ ਵਾਪਸੀ | 1375.40 | 1400.00 | 1048.24 | 315.00 | 1363.24 | 1260.00 |
| 8 | ਜਮੀਨਾਂ ਦਾ ਮੁਆਵਜਾ | 21.46 | 50.00 | 4.54 | | 4.54 | 50.00 |
| 9 | ਸਟਰੀਟ ਲਾਈਟ ਬਿਜਲੀ ਬਿੱਲ | 512.50 | 600.00 | 336.48 | 150.00 | 486.48 | 550.00 |
| 10 | ਸਟਰੀਟ ਲਾਈਟ ਮੈਨਟੀਨੈਂਸ | 79.01 | 150.00 | 71.04 | 25.00 | 96.04 | 100.00 |
| 11 | ਸਫਾਈ ਅਤੇ ਸਮਾਨ | 295.22 | 200.00 | 278.72 | 90.00 | 368.72 | 300.00 |
| 12 | ਕਰਮਚਾਰੀਆਂ ਨੂੰ ਐਡਵਾਂਸ | 19.51 | 25.00 | 8.00 | 5.00 | 13.00 | 25.00 |
| 13 | ਮਿਉਂਸਪਲ ਬਿਲਡਿੰਗ (ਨਵੀਂ ਤੇ ਪੁਰਾਣੀ) | 41.76 | 50.00 | 10.27 | 20.00 | 30.27 | 50.00 |
| 14 | ਮਸ਼ੀਨਰੀ/ਫੋਮ ਟੈਂਡਰ/ਫਾਇਰ ਟੈਂਡਰ ਦਾ ਖਰਚਾ | 3.12 | 50.00 | | | | 10.00 |
| 15 | ਪਾਰਕਾਂ ਦੇ ਰੱਖ-ਰਖਾਵ ਦਾ ਖਰਚਾ | 163.37 | 165.00 | 154.25 | 60.00 | 214.25 | 125.00 |
| 16 | ਸੋਲਿਡ ਵੇਸਟ (ਗਾਰਬੇਜ਼ ਕੂਲੈਕਸ਼ਨ) | 147.52 | 200.00 | 43.86 | 20.00 | 63.86 | 100.00 |
| 17 | ਗਊਸ਼ਾਲਾ ਨੂੰ ਦਿੱਤੀ ਜਾਣ ਵਾਲੀ ਗਰਾਂਟ ਅਤੇ ਡਾਇਟ ਮਨੀ | 72.61 | 300.00 | 247.66 | 150.00 | 397.06 | 400.00 |
| 18 | Govt. Schemes | 7.47 | 125.00 | | | | 50.00 |
| 19 | ਡਾਇਰੈਕਟੋਰੇਟ ਖਰਚਾ | 30.62 | 50.00 | 15.00 | 25.00 | 40.00 | 50.00 |
| 20 | ਇਲੈਕਸ਼ਨ ਖਰਚਾ | 11.49 | 10.00 | | 5.00 | 5.00 | 10.00 |
| 21 | ਆਡਿਟ ਫੀਸ | 38.64 | 50.00 | 30.00 | 18.00 | 48.00 | 50.00 |
| 22 | ਕਾਨੂੰਨੀ ਖਰਚਾ | 9.33 | 15.00 | 18.65 | 5.00 | 23.65 | 25.00 |
| 23 | ਮੈਟੀ;ਆਫ ਪਬਲਿਕ/ਕੰਮਿਊਨਿਟੀ ਟਾਇਲਟਸ | | 150.00 | 103.53 | 30.00 | 133.53 | 150.00 |
| | ਕੁੱਲ: | **4023.24** | **5535.00** | **3473.58** | **1293.00** | **4766.58** | **4830.00** |

4. **ਨਾਨ-ਕਮਿਟਡ ਖਰਚਾ :**

**ਵਿਕਾਸ ਦੇ ਕੰਮ:**

ਨਾਨ-ਕਮਿਟਡ ਵਿਕਾਸ ਦੇ ਕੰਮਾਂ ਲਈ ਲਈ ਸਾਲ 2018-2019 ਲਈ 2120.00 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਵਿੱਚੋਂ ਮਿਤੀ 31.12.2018 ਤੱਕ 460.10 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਸਾਲ 2018-2019 ਦੌਰਾਨ ਇਸ ਮਦ ਅਧੀਨ 623.10 ਲੱਖ ਰੁਪਏ ਖਰਚਾ ਹੋਣ ਦੀ ਸੰਭਾਵਨਾਂ ਹੈ। ਸਾਲ 2019-2020 ਲਈ ਇਸ ਮਦ ਅਧੀਨ 2500.00 ਲੱਖ ਰੁਪਏ ਦਾ ਖਰਚਾ ਤਜਵੀਜ ਕੀਤਾ ਗਿਆ ਹੈ। ਇਸਦੀ ਵਿਸਥਾਰਪੂਰਵਕ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਮੱਦ ਦਾ ਨਾਮ | ਅਸਲ ਖਰਚਾ | ਬਜਟ | ਅਸਲ ਖਰਚਾ | ਸੰਭਾਵਤ | ਸੰਭਾਵਤ | ਤਜਵੀਜਤ |
|---|---|---|---|---|---|---|---|
| | | 2017-18 | 2018-19 | 31.12.18 | ਖਰਚਾ | ਖਰਚਾ | ਖਰਚਾ |

| | | | | ਤੱਕ | 01.01.19 ਤੋਂ 31.03.19 | 2018-19 | 2019-20 |
|---|---|---|---|---|---|---|---|
| | ਨਾਨ-ਕਮਿਟਡ ਖਰਚਾ<br>ਵਿਕਾਸ ਦੇ ਕੰਮ | | | | | | |
| 1 | ਨਵੀਆਂ ਸੜ੍ਹਕਾਂ | 415.18 | 650.00 | 99.62 | 50.00 | 149.62 | 800.00 |
| 2 | ਪੁਰਾਣੀਆਂ ਸੜ੍ਹਕਾਂ ਦੀ ਮੁਰਮੰਤ | 258.01 | 400.00 | 88.71 | 15.00 | 103.71 | 450.00 |
| 3 | ਨਾਲੀਆਂ | 5.42 | 15.00 | 14.21 | 3.00 | 17.21 | 20.00 |
| 4 | ਵਾਟਰ ਸਪਲਾਈ ਨਵੇਂ ਕੰਮ (ਸੀਵਰੇਜ਼ ਬੋਰਡ/ ਪਬਲਿਕ ਹੈਲਥ) | | 100.00 | | | | 100.00 |
| 5 | ਵਾਟਰ ਸਪਲਾਈ ਨਵੇਂ ਕੰਮ (ਨਗਰ ਨਿਗਮ ਬਠਿੰਡਾ) | 12.58 | 100.00 | | 5.00 | 5.00 | 100.00 |
| 6 | ਸੀਵਰੇਜ਼ ਨਵੇਂ ਕੰਮ (ਸੀਵਰੇਜ਼ ਬੋਰਡ) | | 100.00 | 20.00 | 50.00 | 70.00 | 100.00 |
| 7 | ਸੀਵਰੇਜ਼ ਨਵੇਂ ਕੰਮ (ਨਗਰ ਨਿਗਮ, ਬਠਿੰਡਾ) | 22.64 | 50.00 | | | | 50.00 |
| 8 | ਡੀ.ਬੀ. ਪੇਵਿੰਗ | 25.07 | 80.00 | 9.12 | 5.00 | 14.12 | 100.00 |
| 9 | ਨਵੇਂ ਪਾਰਕ | 56.57 | 100.00 | 3.62 | 5.00 | 8.62 | 100.00 |
| 10 | ਪਬਲਿਕ ਟਾਇਲਟ | 43.78 | 100.00 | 24.53 | 5.00 | 29.53 | 50.00 |
| 11 | ਸਟਰੀਟ ਲਾਈਟ ਨਵੀਂ | 62.33 | 80.00 | | 10.00 | 10.00 | 200.00 |
| 12 | ਸਲੱਮ | 29.61 | 80.00 | 18.14 | 5.00 | 23.14 | 100.00 |
| 13 | ਐਸ.ਟੀ.ਪੀ. ਅਤੇ ਹੋਰ ਖਰਚੇ | 132.01 | 100.00 | 182.15 | 10.00 | 192.15 | 100.00 |
| 14 | ਡਸਟਬੀਨਜ਼ | | 60.00 | | | | 60.00 |
| 15 | ਲਾਇਬਰੇਰੀ ਅਤੇ ਲਾਇਬਰੇਰੀ ਲਈ ਕਿਤਾਬਾਂ | | 5.00 | | | | 100.00 |
| 16 | ਬੇਸਹਾਰਾ ਪਸ਼ੂਆਂ/ਕੁੱਤਿਆਂ ਲਈ ਮੁਆਵਜ਼ਾ | | 100.00 | | | | 70.00 |
| | ਕੁੱਲ: | **1063.20** | **2120.00** | **460.10** | **163.00** | **623.10** | **2500.00** |

**ਦੇਣਦਾਰੀ ਸਬੰਧੀ ਨੋਟ:-**

ਉਪਰੋਕਤ ਤੋਂ ਇਲਾਵਾ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਬਠਿੰਡਾ ਸ਼ਹਿਰ ਲਈ 100% ਸੀਵਰ ਅਤੇ ਪਾਣੀ ਦੀ ਸੁਵਿਧਾ ਦੇਣ ਖਾਤਰ 288.00 ਕਰੋੜ੍ਹ ਰੁਪਏ ਦਾ ਪ੍ਰੋਜੈਕਟ ਪ੍ਰਵਾਨ ਕੀਤਾ ਗਿਆ ਹੈ। ਇਸ ਪ੍ਰੋਜੈਕਟ ਨੂੰ ਪੂਰਾ ਕਰਨ ਖਾਤਰ ਹੁਡਕੋ ਪਾਸੋਂ 105.00 ਕਰੋੜ੍ਹ ਰੁਪਏ ਕਰਜ਼ਾ ਪ੍ਰਵਾਨ ਕੀਤਾ ਗਿਆ। ਪ੍ਰਵਾਨਤ ਕਰਜ਼ੇ 105.00 ਕਰੋੜ੍ਹ ਰੁਪਏ ਦੇ ਵਿਰੁੱਧ ਹੁਣ ਤੱਕ ਹੁਡਕੋ ਵੱਲੋਂ 43.75 ਕਰੋੜ੍ਹ ਰੁਪਏ ਦਾ ਨਗਰ ਨਿਗਮ ਨੂੰ ਬਤੌਰ ਕਰਜ਼ਾ ਦਿੱਤਾ ਗਿਆ ਹੈ। ਨਗਰ ਨਿਗਮ ਵੱਲੋਂ ਹੁਣ ਤੱਕ 26.25 ਕਰੋੜ੍ਹ ਰੁਪਏ ਬਤੌਰ ਮੂਲ ਵਾਪਸ ਕੀਤੇ ਗਏ ਹਨ ਅਤੇ 11,43,49,101/- ਰੁਪਏ ਵਿਆਜ਼ ਦੇ ਤੌਰ ਤੇ ਦਿੱਤੇ ਗਏ ਹਨ। ਲਏ ਗਏ ਕਰਜ਼ੇ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸਾਲ | ਲ਼ਏ ਗਏ ਕਰਜ਼ੇ ਦੀ ਰਕਮ | ਮੋੜੇ ਗਏ ਕਰਜ਼ੇ ਦੀ ਰਕਮ | ਦਿੱਤੇ ਗਏ ਵਿਆਜ਼ ਦੀ ਰਕਮ |
|---|---|---|---|---|
| 1 | 2013-2014 | 8,75,00,000.00 | -- | -- |
| 2 | 2014-2015 | -- | -- | 89,64,555.00 |
| 3 | 2015-2016 | 17,50,00,000.00 | -- | 1,71,85,360.00 |
| 4 | 2016-2017 | 17,50,00,000.00 | 7,87,50,000.00 | 3,80,17,672.00 |
| 5 | 2017-18 | -- | 10,50,00,000.00 | 3,25,39,871.00 |
| 6 | 2018-19 (ਮਿਤੀ 31.12.18 ਤੱਕ) | -- | 7,87,50,000.00 | 1,76,41,643/- |
| | **ਕੁੱਲ** | **43,75,00,000.00** | **26,25,00,000/-** | **11,43,49,101/-** |

ਉਕਤ ਕਰਜ਼ੇ ਦੀ ਰਕਮ ਸ਼ਹਿਰ ਵਿੱਚ ਸ਼ਹਿਰ ਵਿੱਚ 100% ਸੀਵਰ ਅਤੇ ਪਾਣੀ ਦੀ ਸੁਵਿਧਾ ਦੇਣ ਲਈ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਅਤੇ ਪਬਲਿਕ ਹੈਲਥ ਵਿਭਾਗ ਪਾਸ ਜਮਾਂ ਕਰਵਾਏ ਗਏ ਹਨ। ਹੁਣ ਤੱਕ 43.75 ਕਰੋੜ੍ਹ ਰੁਪਏ ਬਤੌਰ ਕਰਜ਼ਾ ਪ੍ਰਾਪਤ ਹੋਏ ਹਨ। ਇਸ ਸਬੰਧੀ ਸਾਲ 2019-2020 ਵਿੱਚ 12.60 ਕਰੋੜ੍ਹ ਰੁਪਏ ਬਤੌਰ ਮੂਲ ਅਤੇ ਵਿਆਜ਼ ਵਾਪਸ ਕਰਨ ਖਾਤਰ ਬਜਟ ਵਿੱਚ ਪ੍ਰਾਵਧਾਨ ਕੀਤਾ ਗਿਆ ਹੈ।ਇਸ ਤੋਂ ਇਲਾਵਾ ਸਾਲ 2015-16 ਵਿੱਚ 542.58 ਲੱਖ ਰੁਪਏ, ਸਾਲ 2016-17 ਦੋਰਾਨ 367.47 ਲੱਖ ਰੁਪਏ ਅਤੇ ਸਾਲ 2017-18 ਵਿੱਚ 708.26 ਲੱਖ ਰੁਪਏ, ਕੁੱਲ 1618.31 ਲੱਖ ਰੁਪਏ

ਫਾਇਨਾਂਸ ਕਮਿਸ਼ਨ ਪਾਸੋਂ ਪ੍ਰਾਪਤ ਹੋਏ ਸਨ, ਜੋ ਕਿ ਸਾਲ 2017-18 ਵਿੱਚ ਵਿਕਾਸ ਦੇ ਕੰਮਾਂ ਲਈ ਖਰਚ ਕੀਤੇ ਗਏ ਹਨ।

ਨਗਰ ਨਿਗਮ ਬਠਿੰਡਾ ਨੂੰ ਸਾਲ 2008 ਵਿਚ ਪੀ.ਆਈ.ਡੀ.ਬੀ. ਵਲੋਂ ਸ਼ਹਿਰ ਵਿਚ ਬੁਨਿਆਦੀ ਢਾਂਚੇ ਸਬੰਧੀ ਸਹੂਲਤਾਂ ਦੇਣ ਲਈ 40.00 ਕਰੋੜ ਰੁਪਏ ਪ੍ਰਾਪਤ ਹੋਏ ਸਨ। ਬਾਦ ਵਿਚ ਬਲਿਊ ਫੋਕਸ ਪ੍ਰਾਪਰਟੀ ਨਗਰ ਨਿਗਮ ਪਾਸ ਵਾਪਸ ਆ ਗਈ ਸੀ ਅਤੇ ਪੀ.ਆਈ.ਡੀ.ਬੀ. ਵਲੋਂ ਇਸ ਨੂੰ ਲੋਨ ਵਿਚ ਬਦਲ ਦਿੱਤਾ ਗਿਆ। ਇਸ ਤਰ੍ਹਾਂ ਹੀ ਸਾਲ 2011 ਵਿਚ 12.45 ਕਰੋੜ ਰੁਪਏ ਪੀ.ਆਈ.ਡੀ.ਬੀ. ਵਲੋਂ ਨਗਰ ਨਿਗਮ ਬਠਿੰਡਾ ਨੂੰ ਪ੍ਰਾਪਤ ਹੋਣ ਵਾਲੀ ਗਰਾਂਟ ਦੇ ਵਿਰੁੱਧ ਬਤੌਰ ਐਡਵਾਂਸ ਦਿੱਤਾ ਗਿਆ ਸੀ। ਇਹ ਗਰਾਂਟ ਪ੍ਰਾਪਤ ਨਹੀਂ ਹੋਈ ਅਤੇ ਇਹ ਰਾਸ਼ੀ ਲੋਨ ਵਿਚ ਤਬਦੀਲ ਹੋ ਗਈ। ਇਸ ਤਰ੍ਹਾਂ ਕੁਲ 52.45 ਕਰੋੜ ਰੁਪਏ ਪੀ.ਆਈ. ਡੀ.ਬੀ. ਦਾ ਲੋਨ ਹੈ। ਪੀ.ਆਈ. ਡੀ.ਬੀ. ਦੀ ਮੀਟਿੰਗ ਵਿਚ ਹੋਏ ਫੈਸਲੇ ਅਨੁਸਾਰ ਇਹ ਰਾਸ਼ੀ ਨਗਰ ਨਿਗਮ ਦੀ ਐਕਸਾਈਜ਼ ਡਿਊਟੀ ਵਿਚੋਂ ਕੱਟੀ ਜਾਣੀ ਹੈ।

***ਉਪਰੋਕਤ ਵੇਰਵੇ ਅਨੁਸਾਰ ਨਗਰ ਨਿਗਮ ਦੀ ਮਾਲੀ ਹਾਲਤ ਹੇਠ ਲਿਖੇ ਅਨੁਸਾਰ ਦਰਸਾਈ ਗਈ ਹੈ :-***

| | | | | |
|---|---|---|---|---|
| 1. | ਮਿਤੀ 01/04/2018 ਨੂੰ ਕੈਸ਼-ਬੁੱਕ ਅਨੁਸਾਰ ਮੁਢਲੀ ਬਾਕੀ : | | | 1376.24 ਲੱਖ ਰੁਪਏ |
| 2. | ਸਾਲ 2018-2019 ਵਿਚ ਹੋਣ ਵਾਲੀ ਸੰਭਾਵਤ ਆਮਦਨ | | | 13008.41 ਲੱਖ ਰੁਪਏ |
| | ਕੁੱਲ ਜੋੜ : | | | 14384.65 ਲੱਖ ਰੁਪਏ |
| | **ਸੰਭਾਵਤ ਖਰਚਾ :** | | | |
| 1. | ਅਮਲਾ (ਕਮਿਟਡ) | 6645.15 | 51% | |
| 2. | ਕੰਟੀਜੈਂਸੀ (ਕਮਿਟਡ) | 171.70 | 1% | |
| 3. | ਮੈਨਟੀਨੈਂਸ ਖਰਚਾ (ਕਮਿਟਡ) | 4766.58 | 37% | |
| 4. | ਵਿਕਾਸ (ਨਾਨ-ਕਮਿਟਡ) | 623.10 | 5% | |
| | | 12206.53 ਲੱਖ ਰੁਪਏ | | 12206.53 ਲੱਖ ਰੁਪਏ |
| | ਮਿਤੀ 31/03/2019 ਨੂੰ ਸੰਭਾਵਤ ਬਾਕੀ : | | | 2178.12 ਲੱਖ ਰੁਪਏ |
| | ਮਿਤੀ 01/04/2019 ਨੂੰ ਮੁਢਲੀ ਬਾਕੀ : | | | 2178.12 ਲੱਖ ਰੁਪਏ |
| | ਸਾਲ 2019-2020 ਲਈ ਤਜਵੀਜ ਸ਼ੁਦਾ ਆਮਦਨ : | | | 14417.10 ਲੱਖ ਰੁਪਏ |
| | ਕੁੱਲ ਆਮਦਨ : | | | 16595.22 ਲੱਖ ਰੁਪਏ |
| | **ਤਜਵੀਜ ਖਰਚਾ :** | | | |
| 1. | ਅਮਲਾ (ਕਮਿਟਡ) | 7708.36 | 53% | |
| 2. | ਕੰਟੀਜੈਂਸੀ (ਕਮਿਟਡ) | 210.00 | 1% | |
| 3. | ਮੈਨਟੀਨੈਂਸ ਖਰਚਾ (ਕਮਿਟਡ) | 4830.00 | 34% | |
| 4. | ਵਿਕਾਸ (ਨਾਨ-ਕਮਿਟਡ) | 2500.00 | 17% | |
| | | 15248.36 ਲੱਖ ਰੁਪਏ | | 15248.36 ਲੱਖ ਰੁਪਏ |
| | ਮਿਤੀ 31/03/2020 ਨੂੰ ਸੰਭਾਵਤ ਅੰਤਿਮ ਬਾਕੀ : | | | 1346.86 ਲੱਖ ਰੁਪਏ |

**ਨਗਰ ਨਿਗਮ ਬਠਿੰਡਾ ਦਾ ਸਾਲ 2019-2020 ਦਾ ਬਜਟ ਪ੍ਰਵਾਨਗੀ ਲਈ ਵਿਚਾਰ ਹਿੱਤ।**

ਸ਼੍ਰੀ ਸ਼ਾਮ ਲਾਲ ਜੈਨ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਸੀਵਰੇਜ਼ ਦੀ ਸਫਾਈ ਕਰਨ ਲਈ ਬਹੁਤ ਜਿਆਦਾ ਸਮੱਸਿਆ ਆ ਰਹੀ ਹੈ। ਉਹਨਾਂ ਦਸਿਆ ਕਿ ਜੱਦੋਂ ਵੀ ਸੀਵਰੇਜ਼ ਦੀ ਸਫਾਈ ਕਰਨ ਲਈ ਕਿਹਾ ਜਾਂਦਾ ਹੈ ਤਾਂ ਅੱਗੋਂ ਇਹੀ ਜਵਾਬ ਮਿਲਦਾ ਹੈ ਕਿ ਸੀਵਰੇਜ਼ ਦੀ ਸਫਾਈ ਲਈ ਇੱਕੋ ਹੀ ਮਸ਼ੀਨ ਹੋਣ ਕਾਰਨ ਮਸ਼ੀਨ ਮਿਲ ਨਹੀਂ ਸਕਦੀ। ਉਹਨਾਂ ਕਿਹਾ ਕਿ ਜੇਕਰ ਨਗਰ ਨਿਗਮ ਮਹਿੰਗੇ ਕਿਰਾਏ ਤੇ ਮਸ਼ੀਨ ਲੈ ਕੇ ਕੰਮ ਕਰਵਾਉਂਦੀ ਹੈ ਤਾਂ ਕੀ ਨਗਰ ਨਿਗਮ ਇੱਕ ਮਸ਼ੀਨ ਦੀ ਖਰੀਦ ਨਹੀਂ ਕਰ ਸਕਦੀ? ਕਮਿਸ਼ਨਰ ਸਾਹਿਬ ਨੇ ਕਿਹਾ ਕਿ ਤ੍ਰਿਵੇਣੀ ਕੰਪਨੀ ਦੇ ਸਹੀ ਢੰਗ ਨਾਲ ਕੰਮ ਨਾ ਕਰਨ ਕਾਰਨ ਨਗਰ ਨਿਗਮ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਦਸਿਆ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ: ਵੱਲੋਂ ਲਏ ਬਿਜਲੀ ਦੇ ਬਿਲਾਂ ਤੋਂ ਲਏ ਜਾ ਰਹੇ ਪਾਵਰ ਫੈਕਟਰ ਦੇ ਚਾਰਜ਼ਜ਼ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸੋਂ ਵਸੂਲ ਕੀਤੇ ਜਾਣਗੇ। ਇਸ ਨਾਲ ਤਕਰੀਬਨ 2.38 ਕਰੋੜ੍ਹ ਰੁਪਏ ਦੀ ਵਸੂਲੀ ਹੋਵੇਗੀ। ਉਹਨਾਂ ਇਹ ਵੀ ਦਸਿਆ ਕਿ ਨਗਰ ਨਿਗਮ ਪਾਸ ਜੇਟਿੰਗ ਮਸ਼ੀਨ ਨਾ ਹੋਣ ਕਾਰਨ ਵੀ ਸੀਵਰੇਜ਼ ਦੀ ਸਫਾਈ ਕਰਨ ਵਿੱਚ ਬਹੁਤ ਜਿਆਦਾ ਦਿੱਕਤ ਆ ਰਹੀ ਹੈ। ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਜੇਕਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ/ ਤ੍ਰਿਵੇਣੀ ਕੰਪਨੀ ਵੱਲੋਂ ਕਿਸੇ ਨੂੰ ਵੀ ਕੰਮ ਕਰਨ ਤੋਂ ਜਵਾਬ ਦਿੱਤਾ ਜਾਂਦਾ ਹੈ ਤਾਂ ਨਿਗਮ ਦੇ ਨੋਡਲ ਅਫਸਰ ਨੂੰ ਨੋਟ ਕਰਵਾ ਦਿੱਤਾ ਜਾਵੇ। ਇਸ ਉਪਰੰਤ ਨੋਡਲ ਅਫਸਰ ਵੱਲੋਂ ਸਬੰਧਤ ਕੋਂਸਲਰ ਸਾਹਿਬਾਨ ਨੂੰ ਸੂਚਿਤ ਕਰਦੇ ਹੋਏ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ /ਤ੍ਰਿਵੇਣੀ ਕੰਪਨੀ ਨੂੰ ਲਿਖਿਆ ਜਾਵੇ। ਫਿਰ ਵੀ ਜੇਕਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ /ਤ੍ਰਿਵੇਣੀ ਕੰਪਨੀ ਵੱਲੋਂ ਕੰਮ ਨਹੀਂ ਕੀਤਾ ਜਾਂਦਾ ਤਾਂ ਉਸ ਕੰਮ ਨੂੰ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕਰਵਾ ਕੇ ਉਸਦੇ ਬਣਦੇ ਡਬਲ ਚਾਰਜ਼ਿਜ਼ ਤ੍ਰਿਵੇਣੀ ਕੰਪਨੀ ਪਾਸੋਂ ਵਸੂਲ ਕੀਤੇ ਜਾਣ।
ਸ੍ਰ: ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਤ੍ਰਿਵੇਣੀ ਕੰਪਨੀ ਦਾ ਕੰਮ ਕਰਨ ਦਾ ਸਮਾਂ ਖਤਮ ਹੋ ਚੁੱਕਾ ਹੈ। ਉਹਨਾਂ ਕਿਹਾ ਕਿ ਜੇਕਰ ਤ੍ਰਿਵੇਣੀ ਕੰਪਨੀ ਦਾ ਕੰਮ ਕਰਨ ਦਾ ਸਮਾਂ ਵਧਾਇਆ ਗਿਆ ਹੈ ਤਾਂ ਉਸ ਬਾਰੇ ਜਾਣਕਾਰੀ ਦਿੱਤੀ ਜਾਵੇ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਤ੍ਰਿਵੇਣੀ ਕੰਪਨੀ ਨਾਲ ਹੋਏ ਇਕਰਾਰਨਾਮੇ ਵਿੱਚ ਨਗਰ ਨਿਗਮ ਥਰਡ ਪਾਰਟੀ ਹੈ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਹੀ ਕੰਮ ਦੀ ਦੇਖਰੇਖ ਕੀਤੀ ਜਾ ਰਹੀ ਹੈ। ਇਸਤੇ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਜਦੋਂ ਫੰਡਜ਼ ਨਗਰ ਨਿਗਮ ਦੇ ਰਹੀ ਹੈ, ਤਾਂ ਅਸੀ ਥਰਡ ਪਾਰਟੀ ਕਿਵੇਂ ਹੋਏ। ਅਸੀ ਫਸਟ ਪਾਰਟੀ ਹਾਂ। ਉਹਨਾਂ ਪੁੱਛਿਆ ਕਿ ਤ੍ਰਿਵੇਣੀ ਕੰਪਨੀ ਕਿਸ ਅਥਾਰਟੀ ਨਾਲ ਸ਼ਹਿਰ ਵਿੱਚ ਕੰਮ ਕਰ ਰਹੀ ਹੈ? ਉਹਨਾਂ ਕਿਹਾ ਕਿ ਕਿਉਂ ਜੋ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ **Implementing Agency** ਹੈ। ਇਸ ਲਈ ਕਮਿਸ਼ਨਰ, ਨਗਰ ਨਿਗਮ ਬਠਿੰਡਾ ਪਾਸੋਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਤੋਂ ਉਕਤ ਕਲੈਰੀਫਿਕੇਸ਼ਨ ਲੈਣ ਖਾਤਰ ਪੱਤਰ ਲਿਖਿਆ ਜਾਵੇ।

ਉਕਤ ਦੇ ਮੱਦੇ ਨਜ਼ਰ ਸ਼ਹਿਰ ਵਿੱਚ ਸੀਵਰੇਜ਼ ਦੀ ਸਫਾਈ ਲਈ ਆ ਰਹੀ ਦਿੱਕਤ ਨੂੰ ਦੇਖਦੇ ਹੋਏ ਇਹ ਪਾਸ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਵੱਲੋਂ ਸੀਵਰੇਜ਼ ਦੀ ਸਫਾਈ ਲਈ ਇੱਕ ਸੁਪਰ ਸੱਕਰ ਮਸ਼ੀਨ ਦੀ ਖਰੀਦ ਕਰ ਲਈ ਜਾਵੇ। ਇਸ ਖਾਤਰ 2.50 ਕਰੋੜ੍ਹ ਰੁਪਏ ਦੀ ਬਜਟ ਵਿਚ ਪ੍ਰੋਵੀਜ਼ਨ ਕੀਤੀ ਜਾਂਦੀ ਹੈ।

<u>ਮਤਾ ਨੰਬਰ 116 :</u> ਉਕਤ ਦੇ ਮੱਦੇ ਨਜ਼ਰ ਹੇਠ ਲਿਖੇ ਅਨੁਸਾਰ ਬਜਟ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

1. ਮਿਤੀ 01/04/2018 ਨੂੰ ਕੈਸ਼-ਬੁੱਕ ਅਨੁਸਾਰ ਮੁਢਲੀ ਬਾਕੀ : 1376.24 ਲੱਖ ਰੁਪਏ
2. ਸਾਲ 2018-2019 ਵਿਚ ਹੋਣ ਵਾਲੀ ਸੰਭਾਵਤ ਆਮਦਨ 13008.41 ਲੱਖ ਰੁਪਏ

ਕੁੱਲ ਜੋੜ : 14384.65 ਲੱਖ ਰੁਪਏ

**ਸੰਭਾਵਤ ਖਰਚਾ :**

| | | | |
|---|---|---|---|
| 1. | ਅਮਲਾ (ਕਮਿਟਡ) | 6645.15 | 51% |
| 2. | ਕੰਟੀਜੈਂਸੀ (ਕਮਿਟਡ) | 171.70 | 1% |
| 3. | ਮੈਨਟੀਨੈਂਸ ਖਰਚਾ (ਕਮਿਟਡ) | 4766.58 | 37% |
| 4. | ਵਿਕਾਸ (ਨਾਨ-ਕਮਿਟਡ) | 623.10 | 5% |

12206.53 ਲੱਖ ਰੁਪਏ 12206.53 ਲੱਖ ਰੁਪਏ

ਮਿਤੀ 31/03/2019 ਨੂੰ ਸੰਭਾਵਤ ਬਾਕੀ : 2178.12 ਲੱਖ ਰੁਪਏ

ਮਿਤੀ 01/04/2019 ਨੂੰ ਮੁਢਲੀ ਬਾਕੀ : 2178.12 ਲੱਖ ਰੁਪਏ
ਸਾਲ 2019-2020 ਲਈ ਤਜਵੀਜ ਸ਼ੁਦਾ ਆਮਦਨ : 14417.10 ਲੱਖ ਰੁਪਏ

ਕੁੱਲ ਆਮਦਨ : 16595.22 ਲੱਖ ਰੁਪਏ

**ਤਜਵੀਜ ਖਰਚਾ :**

| | | | |
|---|---|---|---|
| 1. | ਅਮਲਾ (ਕਮਿਟਡ) | 7708.36 | 53% |
| 2. | ਕੰਟੀਜੈਂਸੀ (ਕਮਿਟਡ) | 210.00 | 1% |
| 3. | ਮੈਨਟੀਨੈਂਸ ਖਰਚਾ (ਕਮਿਟਡ) | 4830.00 | 34% |
| 4. | ਵਿਕਾਸ (ਨਾਨ-ਕਮਿਟਡ) | 2500.00 | 17% |
| | | 15248.36 ਲੱਖ ਰੁਪਏ | 15248.36 ਲੱਖ ਰੁਪਏ |

ਮਿਤੀ 31/03/2020 ਨੂੰ ਸੰਭਾਵਤ ਅੰਤਿਮ ਬਾਕੀ : 1346.86 ਲੱਖ ਰੁਪਏ

**ਉਕਤ ਤੋਂ ਇਲਾਵਾ ਮੀਟਿੰਗ ਵਿੱਚ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਆਮਦਨ ਦੀਆਂ ਉਕਤ ਮੱਦਾਂ ਤੋਂ ਇਲਾਵਾ ਨਗਰ ਨਿਗਮ ਦਫਤਰ ਦੇ ਯਤਨਾਂ ਸਦਕਾ ਹੇਠ ਅਨੁਸਾਰ ਹੋਰ ਆਮਦਨ ਅਤੇ ਖਰਚਾ ਹੋਣ ਦੀ ਸੰਭਾਵਨਾਂ ਹੈ :-**

1. **ਵਨ ਟਾਇਮ ਸੈਟਲਮੈਂਟ ਪਾਲਿਸੀ** :

ਇਸ ਮੱਦ ਅਧੀਨ ਸਰਕਾਰ ਵੱਲੋਂ ਪਾਲਿਸੀ ਐਲਾਨੀ ਜਾ ਰਹੀ ਹੈ। ਨਗਰ ਨਿਗਮ ਵੱਲੋਂ ਇਸ ਸਬੰਧੀ ਬਿਲਡਿੰਗਾ ਦਾ ਸਰਵੇ ਪੂਰਾ ਕਰ ਲਿਆ ਗਿਆ ਹੈ। ਇੰਨ੍ਹਾ ਬਿਲਡਿੰਗਾਂ ਤੋਂ ਤਕਰੀਬਨ 100.00 ਕਰੋੜ੍ਹ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾ ਹੈ।

2. **ਵਾਟਰ ਸਪਲਾਈ ਅਤੇ ਸੀਵਰੇਜ਼** :

ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਅਣਅਧਿਕਾਰ ਤੋਰ ਤੇ ਚੱਲ ਰਹੇ ਕੂਨੈਕਸ਼ਨਾਂ ਅਤੇ ਪਿਛਲੇ ਬਕਾਇਆਜਾਤ ਤੋਂ ਤਕਰੀਬਨ 3.00 ਕਰੋੜ੍ਹ ਰੁਪਏ ਦੀ ਹੋਰ ਆਮਦਨ ਹੋਣ ਦੀ ਸੰਭਾਵਨਾ ਹੈ।

3. **ਬਿਜਲੀ ਬਿਲਾਂ ਤੋਂ ਬਚਤ** :

ਨਗਰ ਨਿਗਮ ਵੱਲੋਂ ਡਿਸਪੋਜ਼ਲ ਤੇ ਲੱਗੀਆਂ ਪੁਰਾਣੀਆਂ ਮੋਟਰਾਂ ਨੂੰ ਬਦਲ ਕੇ ਨਵੀਆਂ ਮੋਟਰਾਂ ਲਗਾਈਆਂ ਜਾ ਰਹੀਆਂ ਹਨ, ਜਿੰਨ੍ਹਾਂ ਦੀ ਡਿਸਚਾਰਜ਼ ਸਮੱਰਥਾ ਵੱਧ ਹੋਵੇਗੀ ਅਤੇ ਬਿਜਲੀ ਦੇ ਬਿਲਾਂ ਵਿੱਚ ਕਟੌਤੀ ਹੋਣ ਨਾਲ ਬਚਤ ਹੋਵੇਗੀ। ਇਸਤੋਂ ਇਲਾਵਾ ਨਗਰ ਨਿਗਮ ਵੱਲੋਂ ਸੋਲਰ ਪਾਵਰ ਪਲਾਂਟ ਅਤੇ ਐਲ.ਈ.ਡੀ. ਪ੍ਰੋਜੈਕਟ ਲਗਾਇਆ ਜਾ ਰਿਹਾ ਹੈ। ਇਸ ਨਾਲ ਹਰ ਸਾਲ ਤਕਰੀਬਨ 7.00 ਕਰੋੜ੍ਹ ਰੁਪਏ ਦੇ ਬਿਜਲੀ ਦੇ ਬਿਲਾਂ ਵਿੱਚ ਬਚਤ ਹੋਵੇਗੀ।

4. **ਪਾਵਰ ਫੈਕਟਰ ਚਾਰਜ਼ਿਜ਼** :

ਨਗਰ ਨਿਗਮ ਦੀ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਕੂਨੈਕਸ਼ਨਾਂ ਤੇ ਸ਼ੰਟ ਕਪੈਸਟਰ ਨਾ ਲੱਗਣ ਕਾਰਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ: ਵੱਲੋਂ ਨਗਰ ਨਿਗਮ ਪਾਸੋਂ ਪਾਵਰ ਫੈਕਟਰ ਚਾਰਜ਼ਿਜ਼ ਵਸੂਲੇ ਗਏ ਸਨ। ਇੰਨ੍ਹਾ ਦੀ ਰਿਕਵਰੀ ਹੁਣ ਨਗਰ ਨਿਗਮ ਵੱਲੋਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਤੋਂ ਕੀਤੀ ਜਾ ਰਹੀ ਹੈ। ਇਸ ਨਾਲ 2.38 ਕਰੋੜ੍ਹ ਰੁਪਏ ਦੀ ਵਸੂਲੀ ਹੋਣ ਦੀ ਸੰਭਾਵਨਾ ਹੈ।

5. **ਸਬ-ਲੇਟ ਕੀਤੀਆਂ ਦੁਕਾਨਾਂ ਤੋਂ ਹੋਣ ਵਾਲੀ ਆਮਦਨ** :

ਨਗਰ ਨਿਗਮ ਵੱਲੋਂ ਜੋ ਦੁਕਾਨਾ ਕਿਰਾਏ ਤੇ ਦਿੱਤੀਆਂ ਹੋਈਆਂ ਹਨ, ਉਹਨਾਂ ਵਿੱਚੋਂ ਕੁੱਝ ਦੁਕਾਨਦਾਰਾਂ ਵੱਲੋਂ ਨਿਗਮ ਦੀਆਂ ਦੁਕਾਨਾਂ ਅੱਗੇ ਸਬ-ਲੇਟ ਕਰ ਦਿੱਤੀਆਂ ਹਨ। ਇਸਤੇ ਫੈਸਲਾ ਲਿਆ ਜਾਂਦਾ ਹੈ ਕਿ ਜੋ ਵੀ ਦੁਕਾਨ ਸਬ-ਲੇਟ ਹੋਈ ਹੈ, ਉਸਦੇ ਖਿਲਾਫ ਕਾਨੂੰਨੀ ਪ੍ਰਕ੍ਰਿਆ ਕਰਕੇ ਮਾਰਕੀਟ ਰੈਂਟ ਲੈਣ ਸਬੰਧੀ ਕਾਰਵਾਈ ਕੀਤੀ ਜਾਵੇ। ਇਸ ਨਾਲ ਤਕਰੀਬਨ 1.50 ਕਰੋੜ੍ਹ ਰੁਪਏ ਦੀ ਹੋਰ ਆਮਦਨ ਹੋਣ ਦੀ ਸੰਭਾਵਨਾ ਹੈ।

**ਖਰਚਾ :-**

ਉਕਤ 5 ਮੱਦਾਂ ਤੋਂ ਇੱਕਠੀ ਹੋਣ ਵਾਲੀ ਰਾਸ਼ੀ ਹੇਠ ਲਿਖੇ ਅਨੁਸਾਰ ਬਠਿੰਡਾ ਸ਼ਹਿਰ ਵਿਖੇ ਕੀਤੇ ਜਾਣ ਵਾਲੇ ਮਹੱਤਵਪੂਰਣ ਪ੍ਰੋਜੈਕਟਾਂ ਤੇ ਖਰਚ ਕੀਤੀ ਜਾਵੇਗੀ :-

1. ਅੰਡਰਗਰਾਊਂਡ ਇਲੈਕਟ੍ਰਿਕ ਕੇਬਲ ਜਿਸਤੇ ਮੁਬਲਿਗ 10.00 ਕਰੋੜ੍ਹ ਰੁਪਏ ਖਰਚਾ ਆਵੇਗਾ।
2. ਸਾਰੇ ਸ਼ਹਿਰ ਦੀ ਸਟਰੀਟ ਲਾਈਟ ਨੂੰ ਬਦਲ ਕੇ ਐਲ.ਈ.ਡੀ. ਲਾਈਟ ਵਿੱਚ ਕਨਵਰਟ ਕਰਨ ਤੇ ਤਕਰੀਬਨ 5.00 ਕਰੋੜ੍ਹ ਰੁਪਏ ਖਰਚਾ ਆਵੇਗਾ।
3. ਸੋਲਰ ਪਾਵਰ ਪ੍ਰੋਜੈਕਟ ਬਨਾਉਣ ਤੇ ਤਕਰੀਬਨ 10.00 ਕਰੋੜ੍ਹ ਰੁਪਏ ਖਰਚਾ ਆਵੇਗਾ।

4. ਨਗਰ ਨਿਗਮ ਬਠਿੰਡਾ ਲਈ ਸ਼ਹਿਰ ਦੇ ਸੀਵਰੇਜ਼ ਦੀ ਸਫਾਈ ਖਾਤਰ ਸੁਪਰ ਸਕੱਰ ਮਸ਼ੀਨ ਦੀ ਖਰੀਦ ਕਰਨ, ਇਸ ਖਾਤਰ ਲੋੜੀਂਦਾ ਅਮਲਾ ਲੈਣ ਅਤੇ ਅਗਲੇ 5 ਸਾਲ ਦੀ ਮੈਨਟੀਨੈਂਸ਼ ਤੇ ਤਕਰੀਬਨ 2.50 ਕਰੋੜ੍ਹ ਰੁਪਏ ਖਰਚਾ ਆਵੇਗਾ।
5. AMRUT ਸਕੀਮ ਤਹਿਤ ਨਗਰ ਨਿਗਮ ਦਾ ਬਣਦਾ ਸ਼ੇਅਰ ਤਕਰੀਬਨ 10.00 ਕਰੋੜ੍ਹ ਰੁਪਏ
6. ਉਕਤ ਤੋਂ ਇਲਾਵਾ ਹੋਰ ਕਈ ਮਹੱਤਵਪੂਰਨ ਪ੍ਰੋਜੈਕਟਾਂ ਜਿਵੇਂ ਕਿ ਮਲਟੀ ਸਟੋਰੀ ਪਾਰਕਿੰਗ, ਫਾਇਰ ਬ੍ਰਿਗੇਡ ਵਾਲੀ ਜਗ੍ਹਾ ਤੇ ਕਮਰਸ਼ੀਅਲ ਕੰਪਲੈਕਸ ਜਿਸ ਨਾਲ ਤਕਰੀਬਨ 8-12 ਕਰੋੜ੍ਹ ਰੁਪਏ ਦੀ ਸਲਾਨਾ ਆਮਦਨ ਹੋਵੇਗੀ, ਸ਼ਹਿਰ ਦੇ ਪਾਰਕ, ਸ਼ਹਿਰ ਦੀਆਂ ਸੜ੍ਹਕਾਂ ਅਤੇ ਹੋਰ ਮੈਨਟੀਨੈਂਸ ਦੇ ਕੰਮਾਂ ਤੇ ਬਚਦੀ ਰਾਸ਼ੀ ਵਿਕਾਸ ਦੇ ਕੰਮਾਂ ਤੇ ਖਰਚ ਕੀਤੀ ਜਾਵੇਗੀ।

ਇਸਤੇ ਪਾਸ ਕੀਤਾ ਜਾਂਦਾ ਹੈ ਕਿ ਕਮਿਸ਼ਨਰ, ਨਗਰ ਨਿਗਮ ਵੱਲੋਂ ਦਸੀਆਂ ਗਈਆਂ ਉਕਤ 5 ਮੱਦਾਂ ਤੋਂ ਜੇਕਰ ਆਮਦਨ ਪ੍ਰਾਪਤ ਹੋ ਜਾਂਦੀ ਹੈ ਤਾਂ ਖਰਚੇ ਵਿੱਚ ਦਰਸਾਈਆਂ 6 ਮੱਦਾਂ ਤੇ ਸਾਰੀ ਆਮਦਨ ਖਰਚ ਕੀਤੀ ਜਾਵੇ।

ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਖਰਚੇ ਦੀਆਂ ਉਕਤ 6 ਮੱਦਾਂ ਤੇ ਲੋੜ੍ਹ ਪੈਣ ਤੇ ਜੇਕਰ ਕੋਈ ਤਬਦੀਲੀ ਕਰਨੀ ਪੈਂਦੀ ਹੈ ਤਾਂ ਇਸਦੀ ਹਾਊਸ ਤੋਂ ਪ੍ਰਵਾਨਗੀ ਲਈ ਜਾਵੇ।

ਮੀਟਿੰਗ ਦੇ ਆਖੀਰ ਵਿੱਚ ਮਾਨਯੋਗ ਮੇਅਰ ਸਾਹਿਬ ਨੇ ਸਮੁੱਚੇ ਹਾਊਸ ਨੂੰ ਬੇਨਤੀ ਕੀਤੀ ਕਿ ਸ਼ਹਿਰ ਵਿੱਚ ਵਿਕਾਸ ਦੇ ਜੋ ਅਹਿਮ ਕੰਮ ਹੋਣ ਵਾਲੇ ਹਨ, ਉਨ੍ਹਾਂ ਖਾਤਰ ਪੰਜਾਬ ਸਰਕਾਰ ਪਾਸੋਂ 100.00 ਕਰੋੜ੍ਹ ਰੁਪਏ ਮੰਗ ਲਏ ਜਾਣ, ਤਾਂ ਜੋ ਬਠਿੰਡਾ ਸ਼ਹਿਰ ਦੇ ਬਾਹਰ ਦੇ ਇਲਾਕਿਆਂ ਵਿੱਚ ਰਹਿੰਧਾ ਵਿਕਾਸ ਦਾ ਕੰਮ ਕਰਵਾ ਲਿਆ ਜਾਵੇ। ਉਹਨਾਂ ਕਿਹਾ ਕਿ ਕਿਉਂ ਜੋ ਵਿੱਤ ਮੰਤਰੀ, ਪੰਜਾਬ ਬਠਿੰਡਾ ਦੇ ਚੁਣੇ ਹੋਏ ਐਮ.ਐਲ.ਏ. ਹਨ। ਉਹ 100.00 ਕਰੋੜ੍ਹ ਰੁਪਏ ਬਠਿੰਡਾ ਵਿਖੇ ਵਿਕਾਸ ਦੇ ਕੰਮ ਕਰਾਉਣ ਲਈ ਦੇ ਦੇਣਗੇ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਵਿੱਤ ਮੰਤਰੀ ਜੀ ਵੱਲੋਂ **AMRUT SCHEME Phase-I** ਅਧੀਨ ਬਠਿੰਡਾ ਸ਼ਹਿਰ ਲਈ 50.00 ਕਰੋੜ੍ਹ ਰੁਪਏ ਦੀ ਰਾਸ਼ੀ ਮੰਨਜ਼ੂਰ ਕਰਵਾਈ ਗਈ ਹੈ। **AMRUT SCHEME Phase-II** ਅਧੀਨ ਬਠਿੰਡਾ ਨੂੰ 50.00 ਕਰੋੜ੍ਹ ਰੁਪਏ ਦੀ ਹੋਰ ਰਾਸ਼ੀ ਦੇਣ ਲਈ ਵੀ **Content** ਆ ਜਾਣਗੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ **AMRUT SCHEME PROJECT** ਕੇਂਦਰ ਸਰਕਾਰ ਦੀ ਦੇਣ ਹੈ ਅਤੇ ਕੇਂਦਰ ਸਰਕਾਰ ਪਾਸੋਂ ਹੀ 50.00 ਕਰੋੜ੍ਹ ਰੁਪਏ ਦੀ ਰਾਸ਼ੀ ਪ੍ਰਾਪਤ ਹੋ ਰਹੀ ਹੈ। ਉਹਨਾਂ ਇਸਤੇ ਕੇਂਦਰ ਸਰਕਾਰ ਦਾ ਧੰਨਵਾਦ ਕੀਤਾ। ਕਮਿਸ਼ਨਰ ਸਾਹਿਬ ਨੇ ਦਸਿਆ ਕਿ 20.00 ਕਰੋੜ੍ਹ ਰੁਪਏ ਮਲਟੀ ਸਟੋਰੀ ਪਾਰਕਿੰਗ ਲਈ ਅਤੇ ਸ਼ਹਿਰ ਵਿੱਚ ਬਣਨ ਜਾ ਰਹੇ ਓਵਰਬਰਿਜਾਂ ਲਈ ਪੰਜਾਬ ਸਰਕਾਰ ਵੱਲੋਂ ਫੰਡਜ਼ ਮੁਹਈਆ ਕਰਵਾਏ ਜਾ ਰਹੇ ਹਨ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ 50.00 ਕਰੋੜ੍ਹ ਰੁਪਏ ਨਾਲ ਵਿਕਾਸ ਦੇ ਕੰਮ ਕਰਾਉਣਾ ਸੰਭਵ ਨਹੀਂ ਹੋਵੇਗਾ। ਉਹਨਾਂ ਦਸਿਆ ਕਿ ਕਿਉਂ ਜੋ ਲਾਇਨੋਪਾਰ ਇਲਾਕੇ ਦਾ ਸਾਰਾ ਪਾਣੀ ਸ਼ਹਿਰ ਵਿੱਚ ਆਉਣ ਨਾਲ ਸਿਰਕੀ ਬਾਜਾਰ ਅਤੇ ਹੋਰ ਨੀਵੇਂ ਇਲਾਕਿਆਂ ਵਿੱਚ ਪਾਣੀ ਆਉਣ ਨਾਲ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਕਿਹਾ ਕਿ ਲਾਇਨੋਪਾਰ ਇਲਾਕੇ ਲਈ ਮੁਲਤਾਨੀਆ ਰੋਡ ਤੋਂ ਵੱਡਾ ਮੇਨ ਸੀਵਰ ਪਾ ਕੇ ਚਿੜੀਆ ਘਰ ਤੱਕ ਪਾਣੀ ਲਿਜਾਉਣਾ ਪਵੇਗਾ, ਜਿਸ ਨਾਲ ਲਾਇਨੋਪਾਰ ਇਲਾਕੇ ਦਾ ਪਾਣੀ ਸ਼ਹਿਰ ਵਿੱਚ ਨਾ ਆਵੇ। ਫਿਰ ਚਿੜੀਆ ਘਰ ਪਾਸ ਡਿਸਪੋਜ਼ਲ ਬਣਾ ਕੇ ਸ਼ੇਰਗੜ੍ਹ ਸਲੱਜ ਕੈਰੀਅਰ ਤੱਕ ਪਾਣੀ ਲਿਜਾਉਣ ਲਈ ਪਾਈਪਾਂ ਪਾਈਆਂ ਜਾਣੀਆਂ ਹਨ। ਟੀ.ਵੀ. ਟਾਵਰ ਪਾਸ ਬਣੀ ਡਿਸਪੋਜ਼ਲ ਦੇ ਬਹੁਤ ਜਿਆਦਾ ਪੁਰਾਣੇ ਹੋਣ ਕਾਰਨ ਨਵੀਂ ਡਿਸਪੋਜ਼ਲ ਬਣਾਈ ਜਾਣੀ ਹੈ ਅਤੇ ਇਸ ਦੀਆਂ ਮੋਟਰਾਂ ਵੀ ਬਦਲੀਆਂ ਜਾਣੀਆਂ ਹਨ। ਆਦਰਸ਼ ਨਗਰ, ਖੇਤਾ ਸਿੰਘ ਬਸਤੀ, ਵਾਰਡ ਨੰਬਰ 1, 2 ਅਤੇ 50 ਦੇ ਪਾਣੀ ਨੂੰ ਚੰਦਭਾਨ ਡਰੇਨ ਤੱਕ ਲਿਜਾਇਆ ਜਾਣਾ ਹੈ। ਉਹਨਾਂ ਇਹ ਵੀ ਦਸਿਆ ਕਿ ਪਿਛਲੀ ਪੰਜਾਬ ਸਰਕਾਰ ਵੱਲੋਂ ਅਰਬਨ ਮਿਸ਼ਨ ਤਹਿਤ 120.0 ਕਰੋੜ੍ਹ ਰੁਪਏ ਪਾਸ ਕੀਤੇ ਸਨ। ਇਸ ਤੋਂ ਇਲਾਵਾ 105.00 ਕਰੋੜ੍ਹ ਰੁਪਏ ਦਾ ਹੁਡਕੋ ਪਾਸੋਂ ਕਰਜ਼ਾ ਲੈ ਕੇ ਸ਼ਹਿਰ ਵਿੱਚ 100% ਪਾਣੀ ਅਤੇ ਸੀਵਰੇਜ਼ ਦੀ ਸੁਵਿਧਾ ਦਿੱਤੀ ਜਾਣੀ ਹੈ। ਇਸਦੇ ਨਾਲ-ਨਾਲ ਤਕਰੀਬਨ 66.00 ਕਰੋੜ੍ਹ ਰੁਪਏ ਮੈਨਟੀਨੈਂਸ ਖਾਤਰ ਵੀ ਲੋੜੀਂਦੇ ਹਨ। 105.00 ਕਰੋੜ੍ਹ ਰੁਪਏ ਦਾ ਕਰਜ਼ੇ ਵਿੱਚੋਂ ਨਗਰ ਨਿਗਮ ਵੱਲੋਂ ਹੁਣ ਤੱਕ 43.75 ਕਰੋੜ੍ਹ ਰੁਪਏ ਕਰਜ਼ਾ ਲਿਆ ਗਿਆ ਹੈ। ਜੇਕਰ 105.00 ਕਰੋੜ੍ਹ ਰੁਪਏ ਦਾ ਪੂਰਾ ਕਰਜ਼ਾ ਲੈ ਲਿਆ ਜਾਂਦਾ ਤਾਂ ਨਗਰ ਨਿਗਮ ਨੂੰ ਕਰਮਚਾਰੀਆਂ ਦੀਆਂ ਤਨਖਾਹਾਂ ਹੀ ਨਹੀਂ ਸਨ ਦਿੱਤੀਆਂ ਜਾ ਸਕਦੀਆਂ। ਇਸਤੋਂ ਇਲਾਵਾ ਇਹ ਵੀ ਸੁਣਨ ਵਿੱਚ ਆ ਰਿਹਾ ਹੈ ਕਿ ਸ਼ਹਿਰ ਵਿੱਚ ਜਿੰਨੀਆਂ ਵੀ ਵਾਟਰ ਸਪਲਾਈ ਦੀਆ ਪੁਰਾਣੀਆਂ ਸੀਮਿੰਟ ਜਾਂ ਪਲਾਸਟਿਕ ਦੀਆ ਪਾਈਪਾਂ ਪਈਆਂ ਹੋਈਆਂ ਹਨ, ਇਸ ਨਾਲ ਬੀਮਾਰੀਆਂ ਫੈਲਣ ਦਾ ਖਤਰਾ ਹੈ। ਉਨ੍ਹਾਂ ਦੀ ਥਾਂ ਤੇ ਟੈਕਨੋਲੋਜ਼ੀ ਦੀਆਂ ਪਾਈਪਾਂ ਪਾਈਆਂ ਜਾਣੀਆਂ ਹਨ। ਇਸ ਲਈ ਮਾਨਯੋਗ ਵਿੱਤ ਮੰਤਰੀ, ਪੰਜਾਬ ਜੀ ਪਾਸੋਂ 100.00 ਕਰੋੜ੍ਹ ਰੁਪਏ ਦੀ ਰਾਸ਼ੀ ਮੰਗਣੀ ਯੋਗ ਹੋਵੇਗੀ।

ਸ੍ਰ: ਹਰਮਿੰਦਰ ਸਿੰਘ, ਕੌਂਸਲਰ ਨੇ ਦਸਿਆ ਕਿ ਮਾਨਯੋਗ ਵਿੱਤ ਮੰਤਰੀ, ਪੰਜਾਬ ਜੀ ਵੱਲੋਂ 95.00 ਕਰੋੜ੍ਹ ਰੁਪਏ ਰਿੰਗ ਰੋਡ ਲਈ, 92.00 ਕਰੋੜ੍ਹ ਰੁਪਏ ਸੰਜੇ ਨਗਰ ਓਵਰਬਰਿਜ਼ ਲਈ, 45.00 ਕਰੋੜ੍ਹ ਰੁਪਏ ਜਨਤਾ ਨਗਰ ਪੁੱਲ ਲਈ, ਤਕਰੀਬਨ 300.00 ਕਰੋੜ੍ਹ ਰੁਪਏ ਦੇ ਪ੍ਰੋਜੈਕਟ ਬਠਿੰਡਾ ਲਈ ਪਾਸ ਹੋ ਚੁੱਕੇ ਹਨ। ਉਹਨਾਂ ਕਿਹਾ ਕਿ ਜੋ ਵੀ ਫੰਡਜ਼ ਦੀ ਲੋੜ੍ਹ ਹੈ, ਉਸਦੇ ਪ੍ਰੋਜੈਕਟ ਤਿਆਰ ਕਰ ਲਏ ਜਾਣ ਅਤੇ ਹਰ ਸਾਲ ਬਠਿੰਡਾ ਸ਼ਹਿਰ ਲਈ ਚਾਹੇ 500.00 ਕਰੋੜ੍ਹ ਰੁਪਏ ਪੰਜਾਬ ਸਰਕਾਰ ਤੋਂ ਲੈ ਲਉ।

ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਇਸਤੇ ਧੰਨਵਾਦ ਕਰਦੇ ਹੋਏ ਕਿਹਾ ਕਿ ਮਾਨਯੋਗ ਵਿੱਤ ਮੰਤਰੀ, ਪੰਜਾਬ ਜੀ ਵੱਲੋਂ ਬਠਿੰਡਾ ਸ਼ਹਿਰ ਲਈ ਬੜੀ ਦਿਆਨਤਦਾਰੀ ਦਿਖਾਈ ਹੈ। ਉਹਨਾਂ ਦਸਿਆ ਕਿ ਨਗਰ ਨਿਗਮ ਬਠਿੰਡਾ ਨੂੰ ਸਾਲ 2008 ਵਿਚ ਪੀ.ਆਈ.ਡੀ.ਬੀ. ਵਲੋਂ ਸ਼ਹਿਰ ਵਿਚ ਬੁਨਿਆਦੀ

ਢਾਂਚੇ ਸਬੰਧੀ ਸਹੂਲਤਾਂ ਦੇਣ ਲਈ 40.00 ਕਰੋੜ ਰੁਪਏ ਪ੍ਰਾਪਤ ਹੋਏ ਸਨ। ਇਸ ਤਰ੍ਹਾਂ ਹੀ ਸਾਲ 2011 ਵਿਚ 12.45 ਕਰੋੜ ਰੁਪਏ ਪੀ.ਆਈ.ਡੀ.ਬੀ. ਵਲੋਂ ਨਗਰ ਨਿਗਮ ਬਠਿੰਡਾ ਨੂੰ ਪ੍ਰਾਪਤ ਹੋਣ ਵਾਲੀ ਗਰਾਂਟ ਦੇ ਵਿਰੁੱਧ ਬਤੌਰ ਐਡਵਾਂਸ ਦਿੱਤਾ ਗਿਆ ਸੀ। ਇਹ ਗਰਾਂਟ ਪ੍ਰਾਪਤ ਨਹੀਂ ਹੋਈ ਅਤੇ ਇਹ ਰਾਸ਼ੀ ਲੋਨ ਵਿਚ ਤਬਦੀਲ ਹੋ ਗਈ। ਇਸ ਤਰ੍ਹਾਂ ਕੁਲ 52.45 ਕਰੋੜ ਰੁਪਏ ਪੀ.ਆਈ. ਡੀ.ਬੀ. ਦਾ ਕਰਜ਼ਾ ਹੈ। ਪੀ.ਆਈ.ਡੀ.ਬੀ. ਵੱਲੋਂ ਹੁਣ 12% ਵਿਆਜ਼ ਲਗਾ ਕੇ ਰਾਸ਼ੀ ਦੀ ਵਾਪਸ ਮੰਗ ਕੀਤੀ ਜਾ ਰਹੀ ਹੈ। ਉਹਨਾਂ ਇਹ ਵੀ ਦਸਿਆ ਕਿ ਇਹ ਰਾਸ਼ੀ ਸਮੇਤ ਵਿਆਜ਼ ਤਕਰੀਬਨ 107.00 ਕਰੋੜ੍ਹ ਰੁਪਏ ਹੋ ਚੁੱਕੀ ਹੈ। ਉਹਨਾਂ ਸਤਾਧਾਰੀ ਪਾਰਟੀ ਨਾਲ ਸਬੰਧਤ ਕੌਂਸਲਰ ਸਾਹਿਬਾਨ ਪਾਸ ਅਪੀਲ ਕੀਤੀ ਕਿ ਉਹ ਮਾਨਯੋਗ ਵਿੱਤ ਮੰਤਰੀ, ਪੰਜਾਬ ਜੀ ਨਾਲ ਇਸ ਮਸਲੇ ਤੇ ਚਰਚਾ ਕਰਕੇ ਇਸਨੂੰ **Waive off** ਕਰਵਾਉਣ ਸਬੰਧੀ ਉਪਰਾਲਾ ਕੀਤਾ ਜਾਵੇ। ਇਸਤੇ ਸ੍ਰ: ਹਰਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਜੋ ਵੀ ਪੈਸਾ ਲਿਆ ਗਿਆ ਸੀ, ਉਹ ਸ਼ਹਿਰ ਦੇ ਵਿਕਾਸ ਤੇ ਲਗਾਇਆ ਗਿਆ ਹੈ। ਉਹਨਾਂ ਇਸ ਮੁੱਦੇ ਤੇ ਇੱਕ ਪਰੋਪਰ ਮੀਟਿੰਗ ਕਰਨ ਲਈ ਕਿਹਾ। ਉਹਨਾਂ ਕਿਹਾ ਕਿ ਇਸ ਮੀਟਿੰਗ ਵਿੱਚ ਮਾਨਯੋਗ ਵਿੱਤ ਮੰਤਰੀ, ਪੰਜਾਬ ਜੀ ਨੂੰ ਬੁਲਾ ਲਿਆ ਜਾਵੇਗਾ।

ਇਸ ਉਪਰੰਤ ਮੀਟਿੰਗ ਧੰਨਵਾਦ ਨਾਲ ਖਤਮ ਕੀਤੀ ਗਈ।

ਸਹੀ/-
ਮੇਅਰ
ਨਗਰ ਨਿਗਮ, ਬਠਿੰਡਾ।